SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 19 | Monday, January 29, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ

# ਇੰਟਰਨੈਸ਼ਨਲ ਵਿਦਿਆਰਥੀ ਵੀਜ਼ਾ ਪ੍ਰੋਗਰਾਮ ਵਿੱਚ ਐਲਾਨੀਆਂ ਤਬਦੀਲੀਆਂ ਦਾ ਮੁਲਾਂਕਣ ਕਰਵਾਉਣ ਦੇ ਹੱਕ ਵਿੱਚ



ਟੋਰਾਂਟੋ, 28 ਜਨਵਰੀ (ਪੋਸਟ ਬਿਊਰੋ) : ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਵਿੱਚ ਐਲਾਨੀਆਂ ਗਈਆਂ ਤਬਦੀਲੀਆਂ ਨੂੰ ਲੈ ਕੇ ਕਈ ਵਿਦਿਆਰਥੀ ਪਰੇਸ਼ਾਨ ਹਨ।

ਕਈ ਵਿਦਿਆਰਥੀਆਂ ਨੂੰ ਲੱਗ ਰਿਹਾ ਹੈ ਕਿ ਇੰਟਰਨੈਸ਼ਨਲ ਅੰਡਰਗ੍ਰੈਜੂਏਟ ਸਟੂਡੈਂਟਸ ਲਈ ਸਟੱਡੀ ਪਰਮਿਟਸ ਦੀ ਗਿਣਤੀ ਸੀਮਤ ਕਰਨ ਵਾਸਤੇ ਫੈਡਰਲ ਸਰਕਾਰ ਵੱਲੋਂ ਚੁੱਕੇ ਗਏ ਇਸ ਕਦਮ ਕਾਰਨ ਹੋਰਨਾਂ ਦੇਸ਼ਾਂ ਦੇ ਕਈ ਵਿਦਿਆਰਥੀਆਂ ਦੇ ਕੈਨੇਡਾ ਆ ਕੇ ਪੜ੍ਹਾਈ ਕਰਨ ਦੇ ਸੁਪਨੇ ਅੱਧਵਿਚਾਲੇ ਲਮਕ ਗਏ ਹਨ। ਪਰ ਕੁੱਝ ਹੋਰਨਾਂ ਵਿਦਿਆਰਥੀਆਂ ਨੂੰ ਲੱਗ ਰਿਹਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਇਹ ਸਹੀ ਕਦਮ ਚੁੱਕਿਆ ਗਿਆ ਹੈ ਕਿਉਂਕਿ ਇਸ ਨਾਲ ਸਰਕਾਰ ਨੂੰ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਨੂੰ ਨਿਯੰਤਰਿਤ ਕਰਨ ਵਿੱਚ ਮਦਦ ਮਿਲੇਗੀ।

ਪਰ ਇੱਕ ਆਮ ਰਾਇ ਇਹ ਪਾਈ ਜਾ ਰਹੀ ਹੈ ਕਿ ਇਸ ਪ੍ਰੋਗਰਾਮ ਦਾ ਮੁਲਾਂਕਣ ਕੀਤੇ ਜਾਣ ਦੀ ਲੋੜ ਹੈ। ਪਿਛਲੇ ਮਹੀਨੇ ਭਾਰਤ ਤੋਂ ਓਨਟਾਰੀਓ ਮਾਰਕਟਿੰਗ ਪ੍ਰੋਗਰਾਮ ਦੀ ਪੜ੍ਹਾਈ ਕਰਨ ਆਈ ਗਾਯਥਰੀ ਜਯਾਚੰਦਰਾਕੁਰੂਪ ਸਰੀਜਾ ਦਾ ਕਹਿਣਾ ਹੈ ਕਿ ਇਨ੍ਹਾਂ ਤਬਦੀਲੀਆਂ ਨਾਲ ਉਸ ਦੇ ਜਾਣਕਾਰ ਉਨ੍ਹਾਂ ਬੱਚਿਆਂ ਦੇ ਸੁਪਨੇ ਟੁੱਟ ਗਏ ਜਿਹੜੇ ਕੈਨੇਡਾ ਆ ਕੇ ਸਿੱਖਿਆ ਲੈਣਾ ਚਾਹੁੰਦੇ ਸਨ। ਉਹ ਸਾਰੇ ਇਸ ਕਾਰਨ ਕਾਫੀ ਉਦਾਸ ਹਨ।ਉਸ ਨੇ ਆਖਿਆ ਕਿ ਕਈ ਵਿਦਿਆਰਥੀ ਇੱਥੇ ਆ ਕੇ ਪੜ੍ਹਨਾ ਚਾਹੁੰਦੇ ਹਨ ਪਰ ਇਹ ਫੈਸਲਾ ਉਨ੍ਹਾਂ ਲਈ ਕਾਫੀ ਮਾੜਾ ਹੈ।


ਇਸੇ ਤਰ੍ਹਾਂ ਹਰਿਥਾ ਕਾਲਾਧਰਨ ਨਾਂ ਦੀ ਭਾਰਤ ਤੋਂ ਆਈ ਇੱਕ ਹੋਰ ਇੰਟਰਨੈਸ਼ਨਲ ਸਟੂਡੈਂਟ, ਜੋ ਕਿ ਬਿਜ਼ਨਸ ਤੇ ਪ੍ਰੋਸੈੱਸ ਮੈਨੇਜਮੈਂਟ ਦੀ ਪੜ੍ਹਾਈ ਕਰ ਰਹੀ ਹੈ, ਨੇ ਆਖਿਆ ਕਿ ਇਨ੍ਹਾਂ ਤਬਦੀਲੀਆਂ ਕਾਰਨ ਉਸ ਦੇ ਭਾਰਤ ਸਥਿਤ ਕਈ ਜਾਣਕਾਰ ਵਿਦਿਆਰਥੀ ਨਿਰਾਸ਼ ਹੋ ਗਏ ਹਨ। ਪਰ ਉਸ ਨੇ ਆਖਿਆ ਕਿ ਕੈਨੇਡਾ ਨੂੰ ਇਸ ਪ੍ਰੋਗਰਾਮ ਨਾਲ ਜੁੜੀਆਂ ਸਮੱਸਿਆਵਾਂ ਨੂੰ ਜ਼ਰੂਰ ਹੱਲ ਕਰਨਾ ਚਾਹੀਦਾ ਹੈ।ਉਸ ਨੇ ਆਖਿਆ ਕਿ ਇਸ ਫੈਸਲੇ ਨਾਲ ਕਈ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਝਟਕਾ ਲੱਗਿਆ ਹੋ ਸਕਦਾ ਹੈ ਪਰ ਉਹ ਇਹ ਨਹੀਂ ਜਾਣਦੇ ਕਿ ਸਾਡੇ ਵਰਗੇ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਇੱਧਰ ਆ ਕੇ ਕਿੰਨਾ ਸੰਘਰਸ਼ ਕਰਨਾ ਪੈਂਦਾ ਹੈ।

ਉਸ ਨੇ ਆਖਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਨੂੰ ਘਰ ਲੱਭਣ ਤੇ ਪਾਰਟ ਟਾਈਮ ਨੌਕਰੀਆਂ ਲੱਭਣ ਵਿੱਚ ਕਿੰਨੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣੇ ਦੇਸ਼ ਦੇ ਵਿਦਿਆਰਥੀਆਂ ਨਾਲੋਂ ਵਧੇਰੇ ਟਿਊਸ਼ਨ ਫੀਸਾਂ ਦੇਣੀਆਂ ਪੈਂਦੀਆਂ ਹਨ। ਜੇ ਕੈਨੇਡਾ ਹੋਰ ਇਮੀਗ੍ਰੈਂਟਸ ਨੂੰ ਇੱਧਰ ਸੱਦਣਾ ਚਾਹੁੰਦਾ ਹੈ ਤਾਂ ਸਰਕਾਰ ਨੂੰ ਇਹ ਯੋਜਨਾ ਵੀ ਬਣਾਉਣੀ ਚਾਹੀਦੀ ਹੈ ਕਿ ਸਾਨੂੰ ਨੌਕਰੀਆਂ ਮਿਲ ਸਕਣ।

ਸ਼ੈਰੀਡਨ ਕਾਲਜ ਵਿੱਚ ਪੜ੍ਹ ਰਹੇ 20 ਸਾਲਾ ਮਾਰਕਟਿੰਗ ਦੇ ਵਿਦਿਆਰਥੀ ਮਨਮੋਹਿ-ਹਦਪ੍ਰੀਤ ਸਿੰਘ ਨੇ ਆਖਿਆ ਕਿ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨਾ ਜ਼ਰੂਰੀ ਸੀ। ਉਸ ਨੇ ਆਖਿਆ ਕਿ ਇੱਥੇ ਖੁਦ ਨੂੰ ਸਾਂਭਣ ਲਈ ਕਾਫੀ ਪੈਸੇ ਚਾਹੀਦੇ ਹਨ। ਜਿਹੜਾ ਵੀ ਇੰਟਰਨੈਸ਼ਨਲ ਵਿਦਿਆਰਥੀ ਇੱਧਰ ਆਉਣਾ ਚਾਹੁੰਦਾ ਹੈ ਉਸ ਨੂੰ ਹਰ ਪੱਖੋਂ ਤਿਆਰੀ ਕਰਕੇ ਆਉਣਾ ਚਾਹੀਦਾ ਹੈ। ਇਸ ਦੌਰਾਨ ਸ਼ੁੱਕਰਵਾਰ ਨੂੰ ਓਨਟਾਰੀਓ ਸਰਕਾਰ ਨੇ ਐਲਾਨ ਕੀਤਾ ਕਿ ਪ੍ਰੋਵਿੰਸ ਦੇ ਸਾਰੇ ਕਾਲਜਾਂ ਤੇ ਯੂਨੀਵਰਸਿਟੀਜ਼ ਨੂੰ ਆਉਣ ਵਾਲੇ ਇੰਟਰਨੈਸ਼ਨਲ ਵਿਦਿਆਰਥੀਆਂ ਲਈ ਹਾਊਸਿੰਗ ਦਾ ਪ੍ਰਬੰਧ ਕਰਨਾ ਹੀ ਹੋਵੇਗਾ।




# ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ, ਇੱਕ ਹਿਰਾਸਤ ਵਿੱਚ



ਟੋਰਾਂਟੋ, 28 ਜਨਵਰੀ (ਪੋਸਟ ਬਿਊਰੋ) : ਕੈਨਸਿੰਗਟਨ ਮਾਰਕਿਟ ਵਿੱਚ ਛੁਰੇਬਾਜ਼ੀ ਤੋਂ ਬਾਅਦ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਜਦਕਿ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਐਤਵਾਰ ਨੂੰ ਸਵੇਰੇ 6:40 ਦੇ ਨੇੜੇ ਤੇੜੇ ਆਗਸਤਾ ਐਵਨਿਊ ਨੇੜੇ ਕਾਲਜ ਸਟਰੀਟ ਉੱਤੇ ਸਥਿਤ ਇੱਕ ਸਟੋਰ ਉੱਤੇ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਢਿੱਡ ਵਿੱਚ ਚਾਕੂ ਮਾਰੇ ਜਾਣ ਕਾਰਨ ਜ਼ਖ਼ਮੀ ਹੋਏ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਇੱਕ ਹੋਰ ਵਿਅਕਤੀ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਨੂੰ ਸਿਰ ਵਿੱਚ ਸੱਟ ਲੱਗੀ ਸੀ ਪਰ ਉਸ ਦਾ ਮੌਕੇ ਉੱਤੇ ਹੀ ਇਲਾਜ ਕਰ ਦਿੱਤਾ ਗਿਆ।

ਅਜੇ ਇਹ ਜਾਣਕਾਰੀ ਨਹੀਂ ਮਿਲੀ ਹੈ ਕਿ ਇਹ ਘਟਨਾ ਛੁਰੇਬਾਜ਼ੀ ਨਾਲ ਸਬੰਧਤ ਹੈ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਇਸ ਸਬੰਧ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਪਰ ਮਸ਼ਕੂਕ ਦੀ ਉਮਰ ਜਾਂ ਉਸ ਦੇ ਲਿੰਗ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਮਾਲਦੀਵ 'ਚ ਮੁਈਜ਼ੂ ਦੇ ਸੰਸਦ ਮੈਂਬਰਾਂ ਨਾਲ ਸੰਸਦ ਦੇ ਅੰਦਰ ਕੀਤੀ ਗਈ ਕੁੱਟਮਾਰ



ਮਾਲੇ, 28 ਜਨਵਰੀ (ਪੋਸਟ ਬਿਊਰੋ): ਭਾਰਤ ਨਾਲ ਪੰਗਾ ਲੈਣ ਵਾਲੇ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦਾ ਰਾਹ ਕੰਢੇਦਾਰ ਬਣਦਾ ਜਾ ਰਿਹਾ ਹੈ। ਮਾਲਦੀਵ ਦੀ ਸੰਸਦ 'ਚ ਵਿਰੋਧੀ ਸੰਸਦ ਮੈਂਬਰਾਂ ਨੇ ਇਕ ਮੁੱਦੇ 'ਤੇ ਵਿਵਾਦ ਨੂੰ ਲੈ ਕੇ ਮੁਈਜ਼ੂ ਦੀ ਪਾਰਟੀ ਦੇ ਸੰਸਦ ਮੈਂਬਰਾਂ ਦੀ ਕੁੱਟਮਾਰ ਕੀਤੀ। ਹੋਰ ਆਗੂਆਂ ਦੇ ਦਖ਼ਲ ਨਾਲ ਹੀ ਮਾਮਲਾ ਸ਼ਾਂਤ ਹੋਇਆ। ਇਸ ਕਾਰਨ ਸਦਨ ਦੀ ਕਾਰਵਾਈ ਵਿੱਚ ਵਿਘਨ ਪਿਆ। ਮੁਈਜ਼ੂ ਆਪਣੀ ਭਾਰਤ ਵਿਰੋਧੀ ਕਾਰਵਾਈਆਂ ਅਤੇ ਚੀਨ ਪ੍ਰਤੀ ਪਿਆਰ ਕਾਰਨ ਲਗਾਤਾਰ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਹੈ। ਮੁੱਖ ਇਜਲਾਸ ਦੌਰਾਨ ਪਾਰਟੀ ਅਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵਿਚਾਲੇ ਝੜਪ ਕਾਰਨ ਸੰਸਦ ਵਿੱਚ ਹੰਗਾਮਾ ਹੋ ਗਿਆ। ਮਾਲਦੀਵ ਦੀ ਸੰਸਦ 'ਚ ਅਜਿਹਾ ਨਜ਼ਾਰਾ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਕੈਬਨਿਟ 'ਚ ਹੀ ਦੇਖਣ ਨੂੰ ਮਿਲਿਆ ਹੈ। ਐਤਵਾਰ ਨੂੰ ਮਾਲਦੀਵ ਦੀ ਸੰਸਦ ਵਿੱਚ ਹਫੜਾ-ਦਫੜੀ ਮਚ ਗਈ ਕਿਉਂਕਿ ਮੁਈਜ਼ੂ ਦੀ ਕੈਬਨਿਟ ਲਈ ਅਹਿਮ ਵੋਟਿੰਗ ਤੋਂ ਪਹਿਲਾਂ ਸੱਤਾਧਾਰੀ ਗੱਠਜੋੜ ਵਿਰੋਧੀ ਸੰਸਦ ਮੈਂਬਰਾਂ ਨਾਲ ਟਕਰਾ ਗਿਆ। ਇਸ ਕਾਰਨ ਸਦਨ ਦੀ ਮੁੱਖ ਕਾਰਵਾਈ ਵਿੱਚ ਵਿਘਨ ਪਿਆ। ਮੀਡੀਆ ਰਿਪੋਰਟਾਂ ਮੁਤਾਬਕ ਇਹ ਝੜਪ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਕੈਬਨਿਟ ਵਿੱਚ ਮੰਤਰੀਆਂ ਲਈ ਸੰਸਦੀ ਮਨਜ਼ੂਰੀ ਲੈਣ ਲਈ ਬੁਲਾਏ ਗਏ ਵਿਸ਼ੇਸ਼ ਸੈਸ਼ਨ ਦੌਰਾਨ ਹੋਈ।

# ਦਰਹਾਮ ਦੀ ਖਾਲੀ ਸੀਟ ਭਰਨ ਲਈ 4 ਮਾਰਚ ਨੂੰ ਹੋਣਗੀਆਂ ਫੈਡਰਲ ਜਿਮਨੀ ਚੋਣਾਂ



ਦਰਹਾਮ, 28 ਜਨਵਰੀ (ਪੋਸਟ ਬਿਊਰੋ) : ਪਿਛਲੀ ਬਸੰਤ ਵਿੱਚ ਐਰਿਨ ਓਟੂਲ ਵੱਲੋਂ ਖਾਲੀ ਕੀਤੀ ਗਈ ਦਰਹਾਮ ਦੀ ਸੀਟ ਭਰਨ ਲਈ ਫੈਡਰਲ ਜਿਮਨੀ ਚੋਣਾਂ 4 ਮਾਰਚ ਨੂੰ ਕਰਵਾਈਆਂ ਜਾਣਗੀਆਂ।

ਇਹ ਚੋਣਾਂ ਦਰਹਾਮ, ਓਨਟਾਰੀਓ, ਜੋ ਕਿ ਕੰਜ਼ਰਵੇਟਿਵਾਂ ਦਾ ਗੜ੍ਹ ਮੰਨਿਆਂ ਜਾਂਦਾ ਹੈ ਵਿਖੇ ਹੋਣਗੀਆਂ। ਐਤਵਾਰ ਨੂੰ ਐਕਸ ਉੱਤੇ ਪਾਈ ਗਈ ਪੋਸਟ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਤਰੀਕ ਦੀ ਪੁਸ਼ਟੀ ਕੀਤੀ ਗਈ।ਸਾਬਕਾ ਕੰਜ਼ਰਵੇਟਿਵ ਆਗੂ ਨੇ ਮੁੱਖ ਵਿਰੋਧੀ ਧਿਰ ਦੇ ਲੀਡਰ ਵਜੋਂ ਅਗਸਤ 2020 ਤੋਂ ਫਰਵਰੀ 2022 ਤੱਕ ਆਪਣੀ ਸੇਵਾ ਨਿਭਾਈ। ਪਾਰਲੀਆਮੈਂਟ ਮੈਂਬਰ ਵਜੋਂ ਉਹ 2012 ਵਿੱਚ ਪਹਿਲੀ ਵਾਰੀ ਚੁਣੇ ਗਏ। ਓਟੂਲ ਦੀ ਥਾਂ ਲੈਣ ਲਈ ਜਾਮਿਲ ਜਿਵਾਨੀ, ਜੋ ਕਿ ਵਕੀਲ ਤੇ ਕੰਮੈਂਟੇਟਰ ਹਨ, ਕੰਜ਼ਰਵੇਟਿਵਾਂ ਲਈ ਮੈਦਾਨ ਵਿੱਚ ਨਿੱਤਰਣਗੇ।

ਇਸ ਦੌਰਾਨ ਲਿਬਰਲਾਂ ਵੱਲੋਂ ਇਸ ਸੀਟ ਲਈ ਮੁਕਾਬਲੇ ਵਾਸਤੇ ਸਕੂਗੋਗ, ਓਨਟਾਰੀਓ ਤੋਂ ਕਾਊਂਸਲਰ ਰੌਬਰਟ ਰੌਕ ਨੂੰ ਨਾਮਜਦ ਕੀਤਾ ਗਿਆ ਹੈ। ਰੌਕ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਸ ਲਈ ਲਿਬਰਲਾਂ ਵਾਸਤੇ ਚੋਣਾਂ ਵਿੱਚ ਖੜ੍ਹੇ ਹੋਣ ਦਾ ਫੈਸਲਾ ਲਿਆ ਗਿਆ ਹੈ ਕਿਉਂਕਿ ਕੰਜ਼ਰਵੇਟਿਵ ਪਾਰਟੀ ਹੁਣ ਆਪਣੀਆਂ ਕਦਰਾਂ ਕੀਮਤਾਂ ਉੱਤੇ ਪਹਿਰਾ ਨਹੀਂ ਦੇ ਰਹੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਲੱਗਦਾ ਹੈ ਕਿ ਕੰਜ਼ਰਵੇਟਿਵ ਸੇਵਾਵਾਂ ਵਿੱਚ ਕਟੌਤੀ ਕਰਕੇ ਅਮਰੀਕਾ ਵਰਗੀ ਸਿਆਸਤ ਕੈਨੇਡਾ ਲਿਆਉਣਗੇ, ਜੋ ਸਾਡੇ ਲਈ ਸਹੀ ਨਹੀਂ ਹੋਵੇਗੀ।

ਐਨਡੀਪੀ ਨੇ ਦਰਹਾਮ ਰੀਜਨ ਲੇਬਰ ਕਾਊਂਸਲ ਦੇ ਪ੍ਰੈਜ਼ੀਡੈਂਟ ਕ੍ਰਿਸ ਬਰਜੀਆ ਨੂੰ ਇਸ ਸੀਟ ਲਈ ਨਾਮਜਦ ਕੀਤਾ ਹੈ। ਹਾਊਸ ਆਫ ਕਾਮਨਜ਼ ਦੀਆਂ ਦੋ ਹੋਰ ਸੀਟਾਂ ਖਾਲੀ ਪਈਆਂ ਹਨ ਇੱਕ ਟੋਰਾਂਟੋ ਸੇਂਟ ਪਾਲ, ਜੋ ਕਿ ਲਿਬਰਲ ਕੈਬਨਿਟ ਮੰਤਰੀ ਕੈਰੋਲੀਨ ਬੈਨੇਟ ਦੀ ਰਿਟਾਇਰਮੈਂਟ ਕਾਰਨ ਖਾਲੀ ਹੋਈ ਹੈ ਤੇ ਦੂਜੀ ਮਾਂਟਰੀਅਲ ਦੀ ਸੀਟ ਲਾਸਾਲੇ-ਏਮਾਰਡ-ਵਰਡਨ, ਜੋ ਕਿ ਡੇਵਿਡ ਲਾਮੇਟੀ ਦੇ ਰਿਟਾਇਰ ਹੋਣ ਕਾਰਨ ਖਾਲੀ ਹੋਈ ਹੈ। ਪਰ ਅਜੇ ਤੱਕ ਇਨ੍ਹਾਂ ਸੀਟਾਂ ਲਈ ਜਿਮਨੀ ਚੋਣਾਂ ਵਾਸਤੇ ਤਰੀਕਾਂ ਦਾ ਐਲਾਨ ਨਹੀਂ ਕੀਤਾ ਗਿਆ।

# ਅਮਰੀਕਾ ਦੇ ਲਾਸ ਏਂਜਲਸ 'ਚ ਬੰਦੂਕਧਾਰੀਆਂ ਨੇ ਕੀਤੀ ਫਾਇਰਿੰਗ, 4 ਲੋਕਾਂ ਦੀ ਮੌਤ



ਲਾਸ ਏਂਜਲਸ, 28 ਜਨਵਰੀ (ਪੋਸਟ ਬਿਊਰੋ): ਅਮਰੀਕਾ 'ਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਅਮਰੀਕਾ ਦੀ ਪੁਲਿਸ ਅਪਰਾਧੀਆਂ 'ਤੇ ਸ਼ਿਕੰਜਾ ਕਸਣ 'ਚ ਨਾਕਾਮ ਸਾਬਤ ਹੋ ਰਹੀ ਹੈ। ਇਸ ਲਈ ਹਰ ਰੋਜ਼ ਅਮਰੀਕੀ ਸ਼ਹਿਰਾਂ, ਸਕੂਲਾਂ, ਬਾਜ਼ਾਰਾਂ, ਪੱਬਾਂ, ਬਾਰਾਂ ਅਤੇ ਰੈਸਟੋਰੈਂਟਾਂ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਲਗਾਤਾਰ ਦੇਖਣ ਨੂੰ ਮਿਲ ਰਹੀਆਂ ਹਨ। ਇਸ ਕਾਰਨ ਅਮਰੀਕੀ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਅਮਰੀਕਾ ਦੀ ਹਾਈਟੈਕ ਪੁਲਿਸ ਲਈ ਅਪਰਾਧੀ ਲਗਾਤਾਰ ਚੁਣੌਤੀਆਂ ਪੈਦਾ ਕਰ ਰਹੇ ਹਨ। ਅਜਿਹੀਆਂ ਅਪਰਾਧਿਕ ਘਟਨਾਵਾਂ ਨੂੰ ਰੋਕਣਾ ਅਮਰੀਕੀ ਪੁਲਿਸ ਲਈ ਵੀ ਚੁਣੌਤੀ ਬਣ ਗਿਆ ਹੈ। ਤਾਜ਼ਾ ਘਟਨਾ ਵਿੱਚ ਲਾਸ ਏਂਜਲਸ ਵਿੱਚ ਚਾਰ ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਅਤੇ ਦਹਿਸ਼ਤ ਫੈਲ ਗਈ।

ਸ਼ਨੀਵਾਰ ਨੂੰ ਲਾਸ ਏਂਜਲਸ 'ਚ ਗੋਲੀਬਾਰੀ ਦੀ ਘਟਨਾ ਵਾਪਰੀ। ਇਸ 'ਚ ਚਾਰ ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਇਸ ਨੂੰ ਕਤਲ ਤੋਂ ਬਾਅਦ ਖੁਦਕੁਸ਼ੀ ਦਾ ਮਾਮਲਾ ਦੱਸਿਆ ਹੈ। ਲਾਸ ਏਂਜਲਸ ਪੁਲਿਸ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਇੱਕ ਬਿਆਨ ਸਾਂਝਾ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੇ ਲੇਰਡੋ ਐਵੇਨਿਊ ਵਿੱਚ ਗੋਲੀਬਾਰੀ ਦੀ ਸੂਚਨਾ ਤੋਂ ਬਾਅਦ ਅਧਿਕਾਰੀ ਸ਼ਾਮ 7 ਵਜੇ ਘਟਨਾ ਵਾਲੀ ਥਾਂ 'ਤੇ ਪੁੱਜੇ, ਪਰ ਇਸ ਦੌਰਾਨ 4 ਲੋਕਾਂ ਦੀ ਮੌਤ ਹੋ ਗਈ ਸੀ। ਪੂਰੇ ਇਲਾਕੇ ਵਿਚ ਲੋਕਾਂ ਵਿਚ ਹਫੜਾ-ਦਫੜੀ ਮਚ ਗਈ।

ਲਾਸ ਏਂਜਲਸ ਪੁਲਿਸ ਨੇ ਕਿਹਾ ਕਿ ਘਟਨਾ ਸਥਾਨ 'ਤੇ ਚਾਰ ਲੋਕਾਂ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ ਸੀ ਅਤੇ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਹ ਖੁਦਕੁਸ਼ੀ ਤੋਂ ਬਾਅਦ ਕਤਲ ਦਾ ਮਾਮਲਾ ਲੱਗ ਰਿਹਾ ਹੈ। ਮ੍ਰਿਤਕਾਂ ਬਾਰੇ ਅਜੇ ਤੱਕ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ ਹੈ ਅਤੇ ਨਾ ਹੀ ਇਹ ਦੱਸਿਆ ਗਿਆ ਹੈ ਕਿ ਗੋਲੀਬਾਰੀ ਕਿਉਂ ਕੀਤੀ ਗਈ। ਪੁਲਿਸ ਹਮਲਾਵਰਾਂ ਦੀ ਭਾਲ ਵਿੱਚ ਜੁਟੀ ਹੋਈ ਹੈ।

MagGas Medical Brampton
MGM
MAGGAS MEDICAL INC.
Helping you breathe deep and rest easy.
• CPAP ਮਸ਼ੀਨਾਂ, ਮਾਸਕ ਅਤੇ ਸਪਲਾਈ
• ਮੁਫ਼ਤ ਸਲਾਹ
• ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ ਮੁਫ਼ਤ
• ਓਨਟਾਰੀਓ ਵਰਕਸ ਲਈ ਮੁਫ਼ਤ
• ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਮੁੜ ਕੇ ਪਾਕਿ-ਇਰਾਨ ਹਨ ਫਸੇ ਫਿਰਦੇ,
ਮਰਨ-ਮਾਰਨ ਦਾ ਚੱਲ ਰਿਹਾ ਦੌਰ ਬੇਲੀ।
ਦੋਵਾਂ ਮੁਲਕਾਂ ਵਿੱਚ ਨੇੜਤਾ ਕਾਇਮ ਹੈ ਸੀ,
ਇੱਕ ਦਮ ਬਦਲ ਗਏ ਜਾਪਦੇ ਤੌਰ ਬੇਲੀ।
ਮਸਲੇ ਨਿੱਕੇ, ਪਰ ਵੱਡੇ ਸਨ ਗਏ ਬਣਦੇ,
ਕੀਤਾ ਕਿਸੇ ਨਹੀਂ ਸਮੇਂ ਸਿਰ ਗੌਰ ਬੇਲੀ।
ਮਰਨ ਪਏ ਲੋਕ, ਤਨਾਅ ਕੁਝ ਵਧੀ ਜਾਵੇ,
ਬਣਦੀ ਹਾਲਤ ਜਿਹੀ ਔਰ ਦੀ ਔਰ ਬੇਲੀ।
ਕਦੀ ਪਾਕਿ-ਅਫਗਾਨ ਵਿੱਚ ਜੰਗ ਛਿੜਦੀ,
ਕਦੀ ਫਿਰ ਪਾਕਿ-ਇਰਾਨ ਦੀ ਜੰਗ ਬੇਲੀ।
ਨਿੱਤ ਵਿਹੜਿਆਂ ਵਿੱਚ ਸੱਥਰ ਵਿਛੀ ਜਾਂਦੇ,
ਕਦੇ ਨਹੀਂ ਆਗੂਆਂ ਨੂੰ ਆਈ ਸੰਗ ਬੇਲੀ।

**ਤੀਸ ਮਾਰ ਖਾਂ**

# ਜੌਰਡਨ 'ਚ ਅਮਰੀਕੀ ਬੇਸ 'ਤੇ ਡਰੋਨ ਹਮਲੇ 'ਚ ਤਿੰਨ ਫੌਜੀਆਂ ਦੀ ਮੌਤ, ਕਈ ਜ਼ਖਮੀ



ਅਮਾਨ, 28 ਜਨਵਰੀ (ਪੋਸਟ ਬਿਊਰੋ): ਜਾਰਡਨ 'ਚ ਈਰਾਨ ਦੇ ਸਮਰਥਨ ਵਾਲੇ ਅੱਤਵਾਦੀਆਂ ਦੇ ਹਮਲੇ 'ਚ ਤਿੰਨ ਅਮਰੀਕੀ ਫੌਜੀ ਮਾਰੇ ਗਏ, ਜਦਕਿ ਕਈ ਜ਼ਖਮੀ ਹੋ ਗਏ। ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਮਰੀਕਾ ਹਮਲਾਵਰਾਂ ਦੀ ਜ਼ਿੰਮੇਵਾਰੀ ਤੈਅ ਕਰੇਗਾ। ਯੂਐਸ ਸੈਂਟਰਲ ਕਮਾਂਡ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ 25 ਸੈਨਿਕ ਜ਼ਖਮੀ ਹੋਏ ਹਨ। ਰਾਸ਼ਟਰਪਤੀ ਬਾਈਡਨ ਨੇ ਈਰਾਨ ਸਮਰਥਿਤ ਲੜਾਕਿਆਂ ਦੇ ਹਮਲੇ ਦੀ ਗੱਲ ਕੀਤੀ, ਪਰ ਇਸ ਲਈ ਕਿਸੇ ਵਿਸ਼ੇਸ਼ ਸਮੂਹ ਦਾ ਨਾਮ ਨਹੀਂ ਲਿਆ। ਅਮਰੀਕੀ ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹਮਲੇ ਪਿੱਛੇ ਕਿਸ ਗਰੁੱਪ ਦਾ ਹੱਥ ਹੈ। ਅਮਰੀਕੀ ਸੈਨਿਕਾਂ 'ਤੇ ਹਮਲੇ ਲਈ ਈਰਾਨ ਸਮਰਥਨ ਵਾਲੇ ਸਮੂਹਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਬਾਈਡਨ ਨੇ ਕਿਹਾ ਕਿ ਫਿਲਹਾਲ ਅਸੀਂ ਹਮਲੇ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਾਂ। ਸਾਡਾ ਮੰਨਣਾ ਹੈ ਕਿ ਸੀਰੀਆ ਅਤੇ ਇਰਾਕ ਵਿੱਚ ਸਰਗਰਮ ਈਰਾਨ ਸਮਰਥਨ ਵਾਲੇ ਅੱਤਵਾਦੀ ਸਮੂਹਾਂ ਨੇ ਇਹ ਹਮਲਾ ਕੀਤਾ ਹੈ। ਵ੍ਹਾਈਟ ਹਾਊਸ ਤੋਂ ਜਾਰੀ ਬਿਆਨ 'ਚ ਬਾਈਡਨ ਨੇ ਕਿਹਾ ਕਿ ਅਮਰੀਕਾ ਅੱਤਵਾਦ ਨਾਲ ਲੜਨ ਲਈ ਆਪਣੀ ਵਚਨਬੱਧਤਾ ਨੂੰ ਅੱਗੇ ਵਧਾਏਗਾ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਸੀਂ ਹਮਲੇ ਲਈ ਜ਼ਿੰਮੇਵਾਰ ਸਾਰੇ ਲੋਕਾਂ ਨੂੰ ਆਪਣੇ ਤਰੀਕੇ ਨਾਲ ਜਵਾਬਦੇਹ ਠਹਿਰਾਵਾਂਗੇ।

ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਸੀਰੀਆ ਦੀ ਸਰਹੱਦ ਦੇ ਨੇੜੇ ਉੱਤਰ-ਪੂਰਬੀ ਜਾਰਡਨ ਵਿੱਚ ਅਮਰੀਕੀ ਬੇਸ ਉੱਤੇ ਇੱਕ ਬੈਰਕ ਦੇ ਨੇੜੇ ਇੱਕ ਮਾਨਵ ਰਹਿਤ ਡਰੋਨ ਦੁਆਰਾ ਧਮਾਕਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵੱਧ ਹੋ ਸਕਦੀ ਹੈ।

# ਐਮਪੀ 'ਚ ਵਕੀਲ ਨੇ ਜੱਜ 'ਤੇ ਸੁੱਟੀ ਜੁੱਤੀ, ਕੇਸ ਫਾਈਲ ਖੋਹਣ ਦੀ ਕੀਤੀ ਕੋਸ਼ਿਸ਼



ਭੋਪਾਲ, 28 ਜਨਵਰੀ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੇ ਆਗਰ ਜ਼ਿਲ੍ਹੇ ਵਿੱਚ ਇੱਕ ਵਕੀਲ ਨੇ ਅਦਾਲਤ ਵਿੱਚ ਜੱਜ ਉੱਤੇ ਜੁੱਤੀ ਸੁੱਟ ਦਿੱਤੀ। ਹਾਲਾਂਕਿ ਜੱਜ ਨੇ ਸਮਾਂ ਰਹਿੰਦਿਆਂ ਖੁਦ ਨੂੰ ਸੱਟ ਤੋਂ ਬਚਾਇਆ। ਪੁਲਿਸ ਨੇ ਦੱਸਿਆ ਕਿ ਘਟਨਾ ਸੋਮਵਾਰ ਨੂੰ ਆਗਰ ਜ਼ਿਲ੍ਹੇ ਦੀ ਇੱਕ ਅਦਾਲਤ ਵਿੱਚ ਵਾਪਰੀ, ਜਦੋਂ ਜੱਜ ਇੱਕ ਕੇਸ ਦੀ ਸੁਣਵਾਈ ਕਰ ਰਹੇ ਸਨ। ਇਸ ਦੌਰਾਨ ਵੱਖ-ਵੱਖ ਪੱਖਾਂ ਦੀ ਨੁਮਾਇੰਦਗੀ ਕਰ ਰਹੇ ਦੋ ਵਕੀਲਾਂ ਵਿਚਾਲੇ ਤਿੱਖੀ ਬਹਿਸ ਹੋਈ, ਜਿਸ 'ਤੇ ਜੱਜ ਨੇ ਇਤਰਾਜ਼ ਕੀਤਾ। ਇਸ ਤੋਂ ਨਾਰਾਜ਼ ਵਕੀਲ ਨਿਤਿਨ ਅਟਲ ਜੋ ਪਹਿਲਾਂ ਹੀ ਵਿਰੋਧੀ ਧਿਰ ਨਾਲ ਬਹਿਸ ਕਰ ਰਹੇ ਸਨ, ਨੇ ਅਚਾਨਕ ਆਪਣੀ ਜੁੱਤੀ ਕੱਢ ਕੇ ਜੱਜ ਵੱਲ ਸੁੱਟ ਦਿੱਤੀ। ਹਾਲਾਂਕਿ, ਜੱਜ ਆਪਣੇ ਆਪ ਨੂੰ ਬਚਾਉਣ ਲਈ ਸਮੇਂ ਸਿਰ ਹੇਠਾਂ ਝੁਕ ਗਏ। ਵਕੀਲ ਨੇ ਪੌੜੀਆਂ 'ਤੇ ਚੜ੍ਹ ਕੇ ਕੇਸ ਦੀ ਫਾਈਲ ਖੋਹਣ ਦੀ ਕੋਸ਼ਿਸ਼ ਵੀ ਕੀਤੀ।

ਬਾਅਦ 'ਚ ਜੱਜ ਨੇ ਘਟਨਾ ਦੀ ਸੂਚਨਾ ਸਥਾਨਕ ਪੁਲਸ ਨੂੰ ਦਿੱਤੀ ਅਤੇ ਨਿਤਿਨ ਅਟਲ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ, "ਮੁਲਜ਼ਮ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 332, 353, 294 ਅਤੇ 504 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।" ਹਾਲਾਂਕਿ ਅਜੇ ਤੱਕ ਮੁਲਜ਼ਮ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਪੁਲਸ ਨੇ ਦੱਸਿਆ ਕਿ ਮੁਲਜ਼ਮ ਦੀ ਗ੍ਰਿਫਤਾਰੀ ਲਈ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ।

# ਲਾਰੈਂਸ ਬਿਸ਼ਨੋਈ ਅਤੇ ਰੋਹਿਤ ਗੋਦਾਰਾ ਗੈਂਗ ਦੇ 13 ਟਿਕਾਣਿਆਂ 'ਤੇ ਛਾਪੇਮਾਰੀ, 7 ਗ੍ਰਿਫਤਾਰ



ਫਲੋਦੀ, 28 ਜਨਵਰੀ (ਪੋਸਟ ਬਿਊਰੋ): ਰਾਜਸਥਾਨ ਪੁਲਿਸ ਨੇ ਲਾਰੇਂਸ ਬਿਸ਼ਨੋਈ ਅਤੇ ਰੋਹਿਤ ਗੋਦਾਰਾ ਗੈਂਗ ਖਿਲਾਫ ਵੱਡੀ ਕਾਰਵਾਈ ਕੀਤੀ ਹੈ। ਪੁਲੀਸ ਨੇ ਇਨ੍ਹਾਂ ਦੋਵਾਂ ਗਰੋਹਾਂ ਨਾਲ ਜੁੜੇ ਕੁੱਲ ਸੱਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਖੁਫੀਆ ਸੂਚਨਾ ਦੇ ਆਧਾਰ 'ਤੇ ਫਲੋਦੀ ਪੁਲਸ ਨੇ ਕੁੱਲ 13 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ। ਇਸ ਛਾਪੇਮਾਰੀ ਦੌਰਾਨ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਲੋਦੀ ਦੇ ਐਸਪੀ ਹਨੂੰਮਾਨ ਪ੍ਰਸਾਦ ਨੇ ਅਪਰਾਧੀਆਂ ਦੇ ਖਿਲਾਫ ਕੀਤੀ ਗਈ ਇਸ ਕਾਰਵਾਈ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਗ੍ਰਿਫਤਾਰੀ ਲਈ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ, ਜਿਸ ਵਿੱਚ ਪੁਲੀਸ ਨੂੰ ਸਫ਼ਲਤਾ ਮਿਲੀ।

ਦਰਅਸਲ, ਰਾਜਸਥਾਨ ਪੁਲਿਸ ਨੇ ਫਲੋਦੀ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ ਤੋਂ ਲਾਰੇਂਸ ਬਿਸ਼ਨੋਈ ਅਤੇ ਰੋਹਿਤ ਗੋਦਾਰਾ ਗੈਂਗ ਦੇ ਸੱਤ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਮਾਮਲੇ ਬਾਰੇ ਫਲੋਦੀ ਦੇ ਐਸਪੀ ਹਨੂਮਾਨ ਪ੍ਰਸਾਦ ਨੇ ਦੱਸਿਆ ਕਿ ਖੁਫੀਆ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਸ਼ੁੱਕਰਵਾਰ ਸਵੇਰੇ ਲੋਹਾਵਤ, ਭੋਜਸਰ ਅਤੇ ਮਟੋਰਾ ਸਮੇਤ ਕਈ ਇਲਾਕਿਆਂ 'ਚ 13 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਪ੍ਰਸਾਦ ਨੇ ਕਿਹਾ, "ਖੁਫੀਆ ਜਾਣਕਾਰੀ ਦੀ ਪੁਸ਼ਟੀ ਕਰਨ ਤੋਂ ਬਾਅਦ, ਅਸੀਂ ਸ਼ੁੱਕਰਵਾਰ ਸਵੇਰੇ 13 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਅਤੇ ਬਿਸ਼ਨੋਈ ਅਤੇ ਗੋਦਾਰਾ ਗੈਂਗ ਨਾਲ ਜੁੜੇ ਸੱਤ ਮੈਂਬਰਾਂ ਨੂੰ ਗ੍ਰਿਫਤਾਰ ਕਰਨ 'ਚ ਸਫਲ ਰਹੇ।"

ਐਸਪੀ ਹਨੂੰਮਾਨ ਪ੍ਰਸਾਦ ਨੇ ਅੱਗੇ ਦੱਸਿਆ ਕਿ ਪੁਲਿਸ ਨੇ ਫੜੇ ਗਏ ਮੁਲਜ਼ਮਾਂ ਕੋਲੋਂ ਦੋ ਵਾਹਨ ਵੀ ਜ਼ਬਤ ਕੀਤੇ ਹਨ। ਇਨ੍ਹਾਂ ਦੋਵਾਂ ਵਾਹਨਾਂ 'ਤੇ ਕੋਈ ਨੰਬਰ ਪਲੇਟ ਨਹੀਂ ਸੀ। ਪ੍ਰਸਾਦ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ 'ਚ ਲੋਹਾਵਤ ਦਾ ਅਪਰਾਧੀ ਮਨੀਸ਼ ਬਿਸ਼ਨੋਈ ਵੀ ਸ਼ਾਮਲ ਹੈ। ਮਨੀਸ਼ ਖ਼ਿਲਾਫ਼ 27 ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਫੜੇ ਗਏ ਛੇ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ ਇੱਕ ਤੋਂ ਸੱਤ ਅਪਰਾਧਿਕ ਮਾਮਲੇ ਦਰਜ ਹਨ। ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਸੱਤ ਮੁਲਜ਼ਮਾਂ ਵਿੱਚੋਂ ਇੱਕ ਮੁਲਜ਼ਮ ਖ਼ਿਲਾਫ਼ ਕੋਈ ਕੇਸ ਦਰਜ ਨਹੀਂ ਕੀਤਾ ਗਿਆ ਹੈ, ਜਦੋਂ ਕਿ ਬਾਕੀ ਸਾਰੇ ਖ਼ਿਲਾਫ਼ ਕਿਸੇ ਨਾ ਕਿਸੇ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਗਈ ਹੈ।

# ਪ੍ਰੇਮਿਕਾ ਨੇ ਨਜ਼ਰਅੰਦਾਜ਼ ਕੀਤਾ ਤਾਂ ਪ੍ਰੇਮੀ ਨੇ ਯੂਪੀ ਤੋਂ ਪੁਣੇ ਆ ਕੇ ਮਾਰੀ ਗੋਲੀ



ਪੁਣੇ, 28 ਜਨਵਰੀ (ਪੋਸਟ ਬਿਊਰੋ): ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿੱਚ ਇੱਕ ਆਈਟੀ ਕੰਪਨੀ ਵਿੱਚ ਕੰਮ ਕਰਨ ਵਾਲੀ ਲੜਕੀ ਵੰਦਨਾ ਦਿਵੇਦੀ (26) ਦੀ ਉਸ ਦੇ ਪ੍ਰੇਮੀ ਰਿਸ਼ਭ ਨਿਗਮ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਪੁਲਸ ਨੇ ਐਤਵਾਰ ਨੂੰ ਦੱਸਿਆ ਕਿ ਦੋਵੇਂ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ ਅਤੇ 2013 ਤੋਂ ਰਿਲੇਸ਼ਨਸ਼ਿਪ 'ਚ ਸਨ। ਵੰਦਨਾ ਪੁਣੇ ਵਿੱਚ ਇੱਕ ਵੱਡੀ ਆਈਟੀ ਫਰਮ ਵਿੱਚ ਕੰਮ ਕਰਦੀ ਸੀ, ਜਦੋਂ ਕਿ ਉਸਦਾ ਬੁਆਏਫ੍ਰੈਂਡ ਯੂਪੀ ਵਿੱਚ ਰਹਿੰਦਾ ਸੀ। ਨਿਗਮ ਨੂੰ ਗੁੱਸਾ ਸੀ ਕਿ ਵੰਦਨਾ ਨੇ ਹਾਲ ਹੀ ਵਿਚ ਉਸ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਸੀ।

ਪੁਲਸ ਨੇ ਦੱਸਿਆ ਕਿ ਇਹ ਘਟਨਾ ਸ਼ਨੀਵਾਰ ਨੂੰ ਪਿੰਪਰੀ ਚਿੰਚਵਾੜ ਦੇ ਹਿੰਜਵਾੜੀ ਇਲਾਕੇ ਦੇ ਇਕ ਲੌਜ 'ਚ ਹੋਈ ਅਤੇ ਪੁਲਸ ਨੂੰ ਐਤਵਾਰ ਸਵੇਰੇ ਇਸ ਦੀ ਸੂਚਨਾ ਮਿਲੀ। ਨਿਗਮ ਨੂੰ ਮੁੰਬਈ 'ਚ ਫੜ੍ਹਿਆ ਗਿਆ। ਉਸ ਨੂੰ ਆਈਪੀਸੀ ਦੀ ਧਾਰਾ 302 (ਕਤਲ) ਅਤੇ ਅਸਲਾ ਐਕਟ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਦੇ ਡਿਪਟੀ ਕਮਿਸ਼ਨਰ ਬਾਪੂ ਬੰਗੜ ਨੇ ਦੱਸਿਆ ਕਿ ਯੂਪੀ ਤੋਂ ਆਉਣ ਤੋਂ ਬਾਅਦ ਨਿਗਮ 25 ਜਨਵਰੀ ਨੂੰ ਲੌਜ ਵਿੱਚ ਰੁਕਿਆ ਸੀ, ਅਗਲੇ ਦਿਨ ਉਹ ਵੰਦਨਾ ਨੂੰ ਮਿ-ਲਿਆ। ਉਸ ਨੇ ਸ਼ਨੀਵਾਰ ਰਾਤ ਲੜਕੀ ਨੂੰ ਗੋਲੀ ਮਾਰ ਦਿੱਤੀ ਅਤੇ ਫਰਾਰ ਹੋ ਗਿਆ। ਲੌਜ ਦੇ ਸੀਸੀਟੀਵੀ ਫੁਟੇਜ ਵਿੱਚ ਨਿਗਮ ਨੂੰ ਸ਼ਨੀਵਾਰ ਰਾਤ ਨੂੰ ਇਮਾਰਤ ਤੋਂ ਬਾਹਰ ਨਿਕਲਦੇ ਦੇਖਿਆ ਜਾ ਸਕਦਾ ਹੈ।

# ਲਾਪਤਾ ਬਜ਼ੁਰਗ ਜੋੜੇ ਦੀ ਭਾਲ ਕਰ ਰਹੀ ਹੈ ਪੁਲਿਸ



ਵਾਅਨ, 28 ਜਨਵਰੀ (ਪੋਸਟ ਬਿਊਰੋ) : ਬੀਤੇ ਦਿਨੀਂ ਵਾਅਨ ਵਿੱਚ ਲਾਪਤਾ ਹੋਏ ਇੱਕ ਬਜ਼ੁਰਗ ਜੋੜੇ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਐਕਸ ਉੱਤੇ ਜਾਰੀ ਕੀਤੀ ਗਈ ਪੋਸਟ ਵਿੱਚ ਯੌਰਕ ਰੀਜਨਲ ਪੁਲਿਸ (ਵਾਇਆਰਪੀ) ਨੇ ਦੱਸਿਆ ਕਿ 83 ਸਾਲਾ ਓਲਗਾ ਵੈਲਾਨੋਵਸਕੀ ਤੇ 84 ਸਾਲਾ ਜੋਵਨ ਵੇਲਾਨੋਵਸਕੀ ਨੂੰ ਆਖਰੀ ਵਾਰੀ ਵੈਸਟਨ ਰੋਡ ਤੇ ਰੁਦਰਫੋਰਡ ਰੋਡ ਇਲਾਕੇ ਵਿੱਚ ਗੱਡੀ ਵਿੱਚ ਜਾਂਦਿਆਂ ਵੇਖਿਆ ਗਿਆ ਸੀ।

ਇਹ ਜੋੜਾ ਸਿਲਵਰ ਰੰਗ ਦੀ 2016 ਮਾਡਲ ਦੀ ਨਿਸਨ ਰੰਗ, ਜਿਸ ਉੱਤੇ ਓਨਟਾਰੀਓ ਦੀ ਲਾਇਸੰਸ ਪਲੇਟ ਬੀਵਾਇਐਸਡੀ 695 ਲੱਗੀ ਹੋਈ ਸੀ, ਉੱਤੇ ਜਾ ਰਿਹਾ ਸੀ। ਇਨ੍ਹਾਂ ਸਬੰਧੀ ਜਾਣਕਾਰੀ ਰੱਖਣ ਵਾਲਿਆਂ ਨੂੰ ਵਾਇਆਰਪੀ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਆਰੀਅਨਜ਼ ਦਾ ਵਫ਼ਦ ਐੱਚ.ਪੀ. ਦੇ ਰਾਜਪਾਲ ਨੂੰ ਮਿਲਿਆ



ਆਰੀਅਨਜ਼ ਹਿਮਾਚਲ ਪ੍ਰਦੇਸ਼ ਦੇ ਲੋੜਵੰਦ ਅਤੇ ਲਾਇਕ

ਸ੍ਰੀ ਮੁਕਤਸਰ ਸਾਹਿਬ, 28 ਜਨਵਰੀ (ਗਿਆਨ ਸਿੰਘ): ਆਰੀਅਨਜ਼ ਗਰੁੱਪ ਆਫ਼ ਕਾਲਜਿਜ਼, ਰਾਜਪੁਰਾ, ਨੇੜੇ ਚੰਡੀਗੜ੍ਹ ਦਾ ਇੱਕ ਵਫ਼ਦ ਅੱਜ ਸ਼. ਸ਼ਿਵ ਪ੍ਰਤਾਪ ਸ਼ੁਕਲਾ, ਰਾਜਪਾਲ, ਹਿਮਾਚਲ ਪ੍ਰਦੇਸ਼ ਨੂੰ ਹਿਮਾਚਲ ਭਵਨ, ਚੰਡੀਗੜ੍ਹ ਵਿੱਚ ਮਿਲਿਆ।

ਆਰੀਅਨਜ਼ ਗਰੁੱਪ ਦੇ ਚੇਅਰਮੈਨ ਡਾ: ਅੰਸ਼ੂ ਕਟਾਰੀਆ ਨੇ ਰਾਜਪਾਲ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਟ੍ਰਾਈਸਿਟੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਸਥਾਨ ਬਣ ਗਿਆ ਹੈ। ਰਾਜਪਾਲ ਨੂੰ ਪਿਛਲੇ 17 ਸਾਲਾਂ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਉਂਦੇ ਹੋਏ ਕਟਾਰੀਆ ਨੇ ਕਿਹਾ ਕਿ ਆਰੀਅਨਜ਼ ਹਿਮਾਚਲ ਪ੍ਰਦੇਸ਼ ਦੇ ਲੋੜਵੰਦ ਅਤੇ ਲਾਇਕ ਵਿਦਿਆਰਥੀਆਂ ਲਈ ਪਹਿਲੀ ਪਸੰਦ ਵਜੋਂ ਉਭਰਿਆ ਹੈ ਕਿਉਂਕਿ ਆਰੀਅਨਜ਼ ਵਿੱਚ ਵੱਖ-ਵੱਖ ਸਕਾਲਰਸ਼ਿਪ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ।

ਐਚ ਪੀ ਗਵਰਨਰ ਨੇ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਵਿਖੇ ਪੇਸ਼ ਕੀਤੀਆਂ ਜਾ ਰਹੀਆਂ ਸਾਰੀਆਂ ਵਿਦਿਆਰਥੀ ਭਲਾਈ ਸਕੀਮਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਸਨੇ ਆਰੀਅਨਜ਼ ਦੇ ਦੌਰੇ ਦਾ ਭਰੋਸਾ ਵੀ ਦਿੱਤਾ।

ਵਰਨਣਯੋਗ ਹੈ ਕਿ 2007 ਵਿੱਚ ਸਥਾਪਿਤ, ਆਰੀਅਨਜ਼ ਗਰੁੱਪ 8 ਵੱਖ-ਵੱਖ ਕਾਲਜ ਚਲਾ ਰਿਹਾ ਹੈ ਜਿਸ ਵਿੱਚ ਇੰਜੀਨੀਅਰਿੰਗ, ਕਾਨੂੰਨ, ਪ੍ਰਬੰਧਨ, ਖੇਤੀਬਾੜੀ, ਨਰਸਿੰਗ, ਫਾਰਮੇਸੀ, ਫਿਜ਼ੀਓਥੈਰੇਪੀ, ਪੈਰਾਮੈਡੀਕਲ, ਸਿੱਖਿਆ ਆਦਿ ਸ਼ਾਮਲ ਹਨ। ਗਰੁੱਪ ਚੰਡੀਗੜ੍ਹ -ਪਟਿਆਲਾ ਹਾਈਵੇ, ਚੰਡੀਗੜ੍ਹ ਦੇ ਨੇੜੇ ਦੀ 20 ਏਕੜ ਹਰੀ ਭਰੀ ਜ਼ਮੀਨ ਵਿੱਚ ਫੈਲਿਆ ਹੋਇਆ ਹੈ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 4000 ਤੋਂ ਵੱਧ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ। ਸੰਸਥਾ ਆਪਣੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ।












# ਨਵੇਂ ਸਾਲ ਨੂੰ ਸਮੱਰਪਿਤ ਸਮਾਗ਼ਮ ਦਾ ਆਯੋਜਨ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਜ਼ੂਮ ’ਤੇ ਕੀਤਾ



ਬਰੈਂਪਟਨ, (ਡਾ. ਝੰਡ) – ਕੈਨੇਡਾ ਵਿਚ ਏਹਨੀ ਦਿਨੀਂ ਮੌਸਮ ਦੇ ਵਿਗੜੇ ਹੋਏ ਮਿਜਾਜ਼ ਨੂੰ ਮੁੱਖ ਰੱਖਦਿਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਜਨਵਰੀ ਮਹੀਨੇ ਦਾ ਸਮਾਗ਼ਮ ਐਤਵਾਰ 19 ਜਨਵਰੀ ਨੂੰ ਜ਼ੂਮ ਮਾਧਿਅਮ ਰਾਹੀਂ ਕਵੀ-ਦਰਬਾਰ ਦੇ ਰੂਪ ਵਿੱਚ ਕੀਤਾ ਗਿਆ। ਇਸ ਵਿਚ ਕਵੀ-ਜਨਾਂ ਵੱਲੋਂ ਨਵੇਂ ਸਾਲ ਨੂੰ ਹਾਰਦਿਕ ‘ਜੀ-ਆਇਆਂ’ ਕਹਿੰਦੀਆਂ ਹੋਈਆਂ ਕਵਿਤਾਵਾਂ ਤੋਂ ਇਲਾਵਾ ਹੋਰ ਕਈ ਵਿਸ਼ਿਆਂ ਨਾਲ ਸਬੰਧਿਤ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਜ਼ੂਮ ਮਾਧਿਅਮ ਰਾਹੀਂ ਜੁੜੇ ਸਮੂਹ ਮੈਂਬਰਾਂ ਤੇ ਮਹਿਮਾਨਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਅਤੇ ਸ਼ੁਭ-ਇੱਛਾਵਾਂ ਸਾਂਝੀਆਂ ਕਰਨ ਤੋਂ ਬਾਅਦ ਮੰਚ-ਸੰਚਾਲਕ ਪਰਮਜੀਤ ਸਿੰਘ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ‘ਨਿਆਗਰਾ ਫਾਲਜ਼’ ਤੋਂ ਇਸ ਸਮਾਗ਼ਮ ਵਿਚ ਜੁੜੇ ਨਿਰਵੈਰ ਸਿੰਘ ਅਰੋੜਾ ਨੂੰ ਆਪਣੀ ਕਵਿਤਾ ਪੇਸ਼ ਕਰਨ ਲਈ ਬੇਨਤੀ ਕੀਤੀ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਿਸਾਖੀ ਦੇ ਦਿਹਾੜੇ ‘ਖਾਲਸਾ ਪੰਥ’ ਸਾਜਣ ਬਾਰੇ ਆਪਣੀ ਭਾਵਪੂਰਤ ਕਵਿਤਾ ਕਹੀ। ਇਕਬਾਲ ਬਰਾੜ ਵੱਲੋਂ ਆਪਣੀ ਸੁਰੀਲੀ ਅਵਾਜ਼ ਵਿਚ ਸ਼ਬਦ ‘ਮਿੱਤਰ ਪਿਆਰੇ ਨੂੰ’ ਗਾਇਆ ਗਿਆ। ਉਨ੍ਹਾਂ ਤੋਂ ਬਾਅਦ ਸੁਰਜੀਤ ਸਿੰਘ ਵੱਲੋਂ ਉਰਦੂ ਵਿਚ ਨਵੇਂ ਸਾਲ ਨੂੰ ਮੁਖ਼ਾਤਿਬ ਇੱਕ ਖ਼ੂਬਸੂਰਤ ਗ਼ਜ਼ਲ ਪੇਸ਼ ਕੀਤੀ ਗਈ ਅਤੇ ਫਿਰ ਵਾਰੋ-ਵਾਰੀ ਰਾਜ ਕੁਮਾਰ ਓਸ਼ੋਰਾਜ, ਦੀਪ ਕੁਲਦੀਪ, ਮਕਸੂਦ ਚੌਧਰੀ, ਸੁਖਦੇਵ ਸਿੰਘ ਝੰਡ, ਕਰਨ ਅਜਾਇਬ ਸਿੰਘ ਸੰਘਾ, ਪਿਆਰਾ ਸਿੰਘ ਕੱਦੋਵਾਲ, ਪਰਮਜੀਤ ਦਿਓਲ, ਸੁਖਚਰਨਜੀਤ ਗਿੱਲ, ਸੁਰਜੀਤ ਕੌਰ, ਰਮਿੰਦਰ ਵਾਲੀਆ, ਤਲਵਿੰਦਰ ਮੰਡ, ਜਗਮੋਹਨ ਸੰਘਾ, ਹਰਦਿਆਲ ਝੀਤਾ, ਜੱਸੀ ਭੁੱਲਰ, ਰਿੰਕੂ ਭਾਟੀਆ, ਪਰਮਜੀਤ ਢਿੱਲੋਂ, ਮਲੂਕ ਸਿੰਘ ਕਾਹਲੋਂ ਤੇ ਹੋਰਨਾਂ ਨੇ ਵੱਖ-ਵੱਖ ਵਿਸ਼ਿਆਂ ’ਤੇ ਆਪਣੀਆਂ ਰਚਨਾਵਾਂ ਸੁਣਾ ਕੇ ਇਸ ਸਮਾਗ਼ਮ ਵਿਚ ਭਰਪੂਰ ਹਾਜ਼ਰ ਲਵਾਈ। ਕਈਆਂ ਵੱਲੋਂ ਇਸ ਮੌਕੇ ਇੱਕ ਤੋਂ ਵਧੇਰੇ ਕਵਿਤਾਵਾਂ ਵੀ ਪੇਸ਼ ਕੀਤਾਂ ਗਈਆਂ।

ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਕਵਿਤਾ ਦੇ ਵੱਖ-ਵੱਖ ਪਹਿਲੂਆਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਕਵੀ ਆਪਣੇ ਮਨ ‘ਚ ਆਏ ਵਿਚਾਰਾਂ ਨੂੰ ਸਰੀਰ ‘ਚ ਚੱਲ ਰਹੇ ਖ਼ੂਨ ਵਿਚ ਕਸ਼ੀਦ ਕੇ ਖ਼ੂਬਸੂਰਤ ਸ਼ਬਦਾਂ ਵਿਚ ਪੇਸ਼ ਕਰਦਾ ਹੈ ਅਤੇ ਇਹ ਕੰਮ ਏਡਾ ਸੌਖਾ ਨਹੀਂ ਹੈ। ਇਸ ਲਈ ਉਸ ਨੂੰ ਬੜੀ ਮਿਹਨਤ ਕਰਨੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਉੱਚ-ਪੱਧਰੀ ਕਵਿਤਾ ਵਿਚ ਸ਼ਬਦਾਂ ਦੀ ਸਹੀ ਜੜਤ, ਇਸ ਵਿਚ ਵਰਤੇ ਗਏ ਵੱਖ-ਵੱਖ ਬਿੰਬ, ਪ੍ਰਤੀਕ ਤੇ ਅਲੰਕਾਰ ਇਸ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਦੇ ਹਨ ਅਤੇ ਸੁਰੀਲੀ ਆਵਾਜ਼ ਵਿਚ ਤਰੰਨਮ ਵਿਚ ਗਾਈ ਹੋਈ ਕਵਿਤਾ ਤਾਂ ਸਰੋਤਿਆਂ ਦੀ ਹੋਰ ਵਧੇਰੇ ‘ਵਾਹ-ਵਾਹ’ ਖੱਟਦੀ ਹੈ। ਨਵੇਂ ਸਾਲ ਵਿਚ ਹੋਏ ਸਭਾ ਦੇ ਇਸ ਪਹਿਲੇ ਸਮਾਗ਼ਮ ਦੀ ਸਫ਼ਲਤਾ ‘ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਅਗਲੇ ਸਮਾਗ਼ਮਾਂ ਨੂੰ ਹੋਰ ਵੀ ਮਨੋਰੰਜਕ ਅਤੇ ਅਸਰਦਾਰ ਹੋਣ ਦੀ ਕਾਮਨਾ ਕੀਤੀ। ਲੱਗਭੱਗ ਤਿੰਨ ਘੰਟੇ ਚੱਲੇ ਇਸ ਜ਼ੂਮ ਸਮਾਗ਼ਮ ਨੂੰ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਵਧੀਆ ਤਕਨੀਕੀ ਮੁਹਾਰਤ ਨਾਲ ਚਲਾਇਆ ਗਿਆ। ਸਾਰਿਆਂ ਨੇ ਇਸ ਦਾ ਭਰਪੂਰ ਅਨੰਦ ਮਾਣਿਆ।

# ਪੀਸੀਐੱਚਐੱਸ ਦੇ ਸੀਨੀਅਰਜ਼ ਗਰੁੱਪ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਪੁਰਬ ਮਨਾਇਆ



ਬਰੈਂਪਟਨ, (ਡਾ. ਝੰਡ) – ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ (ਪੀਸੀਐੱਚਐੱਸ) ਦੇ ਸ਼ੁੱਕਰਵਾਰ ਵਾਲੇ ਸੀਨੀਅਰਜ਼ ਗਰੁੱਪ ਵੱਲੋਂ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼-ਪੁਰਬ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧੀ ਸਮਾਗ਼ਮ ਦੀ ਸ਼ੁਰੂਆਤ ਕੰਵਲ ਪੁਰੀ, ਗੁਰਜੀਤ ਕੌਰ ਧਾਲੀਵਾਲ ਅਤੇ ਸਰਬਜੀਤ ਕੌਰ ਕਾਹਲੋਂ ਵੱਲੋਂ ਗਾਏ ਗਏ ਸ਼ਬਦਾਂ ਨਾਲ ਕੀਤੀ ਗਈ।

ਪ੍ਰੋਗਰਾਮ ਦੇ ਸੰਚਾਲਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਵਿਲੱਖਣ ਪੱਖਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਵੱਲੋਂ ਅੰਮ੍ਰਿਤ ਛਕਾਉਣ ਦੀ ਪ੍ਰਕਿਰਿਆ ਆਰੰਭ ਕਰਕੇ ਜ਼ਾਤ-ਪਾਤ ਦਾ ਖ਼ਾਤਮਾ ਕਰਨ, ਸਮਾਜਿਕ ਬਰਾਬਰੀ, ਔਰਤਾਂ ਦਾ ਸਤਿਕਾਰ ਤੇ ਵਡਿਆਈ ਦਾ ਵਰਨਣ ਕੀਤਾ। ਉਨ੍ਹਾਂ ਕਿਹਾ ਕਿ ਇਸ ਦੀ ਖ਼ੂਬਸੂਰਤ ਉਦਾਹਰਣ ‘ਚੰਡੀ ਦੀ ਵਾਰ’ ਹੈ। ਹੱਕ ਤੇ ਸੱਚ ਲਈ ਤਿਆਗ ਤੇ ਕੁਰਬਾਨੀ ਦੀ ਮਿਸਾਲ ਗੁਰੂ ਸਾਹਿਬ ਨੇ ਆਪਣਾ ਸਰਬੰਸ ਵਾਰ ਕੇ ਪੇਸ਼ ਕੀਤੀ। ਇਸ ਦੇ ਨਾਲ ਹੀ ਪ੍ਰੋ. ਕਾਹਲੋਂ ਨੇ ਕਿਹਾ ਕਿ ਗੁਰੂ ਜੀ ਦੇ ਜੀਵਨ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਹਰ ਤਰ੍ਹਾਂ ਦੇ ਜ਼ੁਲਮ ਵਿਰੁੱਧ ਡੱਟ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਇਸ ਮੌਕੇ ਸਰਵਸ਼੍ਰੀ ਯਸ਼ ਦੱਤਾ, ਮਨਜੀਤ ਸਿੰਘ, ਬਲਦੇਵ ਸਿੰਘ ਧਾਲੀਵਾਲ, ਸਾਧੂ ਰਾਮ ਕਾਲੀਆ, ਸੁਰਿੰਦਰ ਸਿੰਘ ਗਾਂਧੀ, ਰਜਿੰ-ਦਰ ਸਿੰਘ ਸਰੋਏ, ਹਰਜੀਤ ਸਿੰਘ ਗਰੇਵਾਲ, ਹਰੀਸ਼ ਚੌਹਾਨ, ਕੁਲਦੀਪ ਸਿੰਘ ਛਾਬੜਾ, ਬਲਜੀਤ ਕੌਰ ਗਰੇਵਾਲ, ਤ੍ਰਿਲੋਚਨ ਕੌਰ ਗਾਂਧੀ, ਜਤਿੰਦਰ ਕੌਰ, ਸੁਨੀਤਾ ਕਪੂਰ, ਰਾਜ ਗੋਇਲ ਅਤੇ ਨਵਦੀਪ ਕੌਰ ਨੇ ਵੀ ਗੁਰੂ ਸਾਹਿਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਦੌਰਾਨ ਕੁਲਦੀਪ ਸਿੰਘ ਛਾਬੜਾ ਦੇ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਇਸ ਤਰ੍ਹਾਂ ਇਸ ਗਰੁੱਪ ਦਾ ਇਸ ਸਾਲ ਦਾ ਇਹ ਅਰੰਭਲਾ ਸਮਾਗ਼ਮ ਏਨੀ ਸ਼ਰਧਾ ਤੇ ਸ਼ਿੱਦਤ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਕਿ ਇਹ ਇਕ ਯਾਦਗਾਰੀ ਸਮਾਗ਼ਮ ਹੋ ਨਿਬੜਿਆ ਜੋ ਇਸ ਗਰੁੱਪ ਦੇ ਲਈ ਸ਼ੁਭ-ਸ਼ਗਨ ਕਿਹਾ ਜਾ ਸਕਦਾ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net






# ਮਨਾਈ ਜਾਊ ਭਾਰਤ ਦਾ ਗਣਤੰਤਰ ਦਿਵਸ, ਗਣਤੰਤਰੀ ਸੋਚ ਤੋਂ ਬਿਨਾਂ

ਜਤਿੰਦਰ ਪਨੂੰ ਦੀ ਕਲਮ ਤੋਂ



ਇਸ ਸਾਲ ਜਨਵਰੀ ਦਾ ਚੌਥਾ ਹਫਤਾ ਦੋਂਹ ਵੱਡੇ ਪ੍ਰੋਗਰਾਮਾਂ ਦੇ ਲੇਖੇ ਲੱਗਾ ਹੈ। ਪਹਿਲਾਂ ਅਯੋਧਿਆ ਵਿੱਚ ਬਾਬਰੀ ਮਸਜਿਦ ਢਾਹ ਕੇ ਅਦਾਲਤੀ ਪ੍ਰਵਾਨਗੀ ਨਾਲ ਓਸੇ ਥਾਂ ਬਣਾਏ ਗਏ 'ਰਾਮ ਜਨਮ ਭੂਮੀ ਮੰਦਰ' ਦਾ ਉਦਘਾਟਨ ਕਰਨ ਦੇ ਲਈਲਈ ਕੀਤੇ ਗਏ 'ਪ੍ਰਾਣ ਪ੍ਰਤਿਸ਼ਠਾ' ਸਮਾਗਮ ਦੀ ਧੂੰਮ ਪੈਂਦੀ ਰਹੀ ਅਤੇਚਾਰ ਦਿਨ ਬਾਅਦ ਦੇਸ਼ ਦਾ 'ਗਣਤੰਤਰ ਦਿਵਸ' ਹੋਣ ਕਰ ਕੇ ਉਸ ਨਾਲ ਜੁੜਦੇ ਸਮਾਗਮਾਂ ਨੇ ਸਭ ਦਾ ਧਿਆਨ ਮੱਲ ਲਿਆ। ਵਿਦੇਸ਼ੀ ਹਾਕਮਾਂ ਤੋਂ ਆਜ਼ਾਦੀ ਲੈਣ ਵੇਲੇ ਭਾਰਤ ਦਾ ਆਪਣਾ ਸੰਵਿਧਾਨ ਨਹੀਂ ਸੀ, ਬੇਅੰਤ ਕੁਰਬਾਨੀਆਂ ਦੇਣ ਦੇ ਬਾਵਜੂਦ ਇਸ ਦੀ ਆਜ਼ਾਦੀ ਵੀ ਅੰਤ ਵਿੱਚ ਬ੍ਰਿਟੇਨ ਦੀ ਪਾਰਲੀਮੈਂਟ ਵੱਲੋਂ ਪਾਸ ਕੀਤੇ ਗਏ 'ਇੰਡੀਪੈਂਡੈਂਸ ਆਫ ਇੰਡੀਆ ਐਕਟ' ਦੇ ਆਧਾਰ ਉੱਤੇ ਮਿਲੀ ਸੀ। ਇਹ ਮੌਕਾ ਨਸੀਬ ਹੋਣ ਤੋਂ ਪਹਿਲਾਂ 1946 ਵਿੱਚ ਹੋਈਆਂ ਸੂਬਾਈ ਅਸੈਂਬਲੀਆਂ ਦੀਆਂ ਚੋਣਾਂ ਵਿੱਚ ਜਿੱਤੇ ਹੋਏ ਮੈਂਬਰਾਂ ਦੀਆਂ ਵੋਟਾਂ ਨਾਲ ਇੱਕ ਸੰਵਿਧਾਨ ਘੜਨੀ ਅਸੈਂਬਲੀ ਬਣਾਈ ਗਈ ਸੀ। ਉਸ ਵੇਲੇਭਾਰਤ ਦੀ ਅਸਥਾਈ ਸਰਕਾਰ ਦੋ ਸਤੰਬਰ 1946 ਨੂੰ ਬਣਾਈ ਗਈ ਸੀ, ਜਿਸ ਵਿੱਚ ਸਭ ਮੁੱਖ ਧਿਰਾਂ ਸ਼ਾਮਲ ਸਨ। ਸੰਵਿਧਾਨ ਘੜਨੀ ਅਸੈਂਬਲੀ ਦੀ ਪਹਿਲੀ ਬੈਠਕ ਓਸੇ ਸਾਲ ਨੌਂ ਦਸੰਬਰ ਨੂੰ ਓਦੋਂ ਹੋਈ ਸੀ, ਜਦੋਂ ਆਜ਼ਾਦੀ ਵਾਸਤੇ ਬਰਤਾਨਵੀ ਪਾਰਲੀਮੈਂਟਵਿੱਚ ਬਿੱਲ ਪਾਸ ਕੀਤਾ ਜਾ ਚੁੱਕਾ ਸੀ, ਪਰ ਆਜ਼ਾਦੀ ਅਜੇ ਨਹੀਂ ਸੀ ਮਿਲੀ। ਆਜ਼ਾਦੀ ਮਿਲਣ ਮੌਕੇ ਪਾਕਿਸਤਾਨ ਬਣ ਗਿਆ ਤੇ ਉਸ ਵਿੱਚ ਚਲੇ ਗਏ ਇਲਾਕੇ ਦੇ ਮੈਂਬਰ ਇਸ ਸੰਵਿਧਾਨ ਘੜਨੀ ਸਭਾ ਤੋਂ ਨਿਕਲ ਜਾਣ ਪਿੱਛੋਂ ਆਜ਼ਾਦ ਭਾਰਤ ਦਾ ਸੰਵਿਧਾਨ ਬਣਾਉਣ ਲਈ ਬਾਕੀ ਮੈਂਬਰਾਂ ਨਾਲ ਇਹ ਸਭਾ ਓਸੇ ਤਰ੍ਹਾਂ ਚੱਲਦੀ ਰਹੀਸੀ ਅਤੇ ਇਸੇ ਦੇ ਯਤਨਾਂ ਨਾਲ ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਹੇਠ ਬਣਾਇਆ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਕੀਤਾ ਜਾ ਸਕਿਆ ਸੀ।

ਆਪਣਾ ਸੰਵਿਧਾਨ ਲਾਗੂ ਹੋ ਜਾਣਪਿੱਛੋਂ ਭਾਰਤ ਗਣਤੰਤਰ ਜਾਂ ਅੰਗਰੇਜ਼ੀ ਭਾਸ਼ਾ ਦਾ ਰਿਪਬਲਿਕ ਕਿਹਾ ਜਾਣ ਲੱਗ ਪਿਆ, ਪਰ 'ਗਣ' ਜਾਂ 'ਰਿਪਬਲਿਕ' ਦੇ ਅਰਥ ਇਸ ਦੇਸ਼ ਦੇ ਲੋਕਾਂ ਦੀ ਸਮਝ ਦਾ ਹਿੱਸਾ ਬਣਾਉਣ ਦਾ ਕੰਮ ਅਜੇ ਤੱਕ ਨਹੀਂ ਹੋ ਸਕਿਆ। ਇਹ ਦਿਨ ਮਨਾਉਣ ਦਾ ਅਰਥ ਦੇਸ਼ ਪੱਧਰ ਦੀ ਇੱਕ ਪਰੇਡ ਦਿੱਲੀ ਵਿੱਚ ਤੇ ਏਦਾਂ ਹੀ ਰਾਜ ਸਰਕਾਰਾਂ ਵੱਲੋਂ ਪਰੇਡਾਂ ਕੱਢਣ ਤੱਕ ਸੀਮਤ ਰਹਿ ਗਿਆ ਜਾਪਦਾ ਹੈ। ਆਮ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਦੇਸ਼ ਨੂੰ ਚਲਾਉਣ ਦੀ ਜਿਹੜੀ ਪ੍ਰੰਪਰਾ ਈਸਾ ਤੋਂ ਵੀ ਛੇ ਕੁ ਸਦੀਆਂ ਪਹਿਲਾਂ ਉਸ ਸਮੇਂ ਦੇ ਕੁਝ ਪੁਰਾਤਨ ਸਾਮਰਾਜਾਂ ਨੇ ਲਾਗੂ ਕੀਤੀ ਸੀ ਜਾਂ ਉਸ ਤੋਂ ਦੋ-ਚਾਰ ਸੌ ਸਾਲ ਦੇ ਫਰਕ ਨਾਲ ਭਾਰਤ ਵਿੱਚ 'ਗਣ' ਕਹੇ ਜਾਂਦੇ ਚੋਣਵੇਂ ਰਾਜਾਂ ਦੇ ਪ੍ਰਤੀਨਿਧਾਂ ਦੇ ਰਾਹੀਂ ਸਾਂਝੀ ਸਰਕਾਰ ਬਣਾਈ ਜਾਂਦੀ ਰਹੀ ਸੀ, ਉਸ ਬਾਰੇ ਬਹੁਤੇ ਲੋਕ ਅੱਜ ਤੱਕ ਨਹੀਂ ਜਾਣਦੇ। ਬਹੁਤੇ ਲੋਕਾਂ ਲਈਇਹ ਇੱਕ ਹੋਰ ਛੁੱਟੀ ਜਾਂ ਦੇਸ਼ ਦੀ ਫੌਜੀ ਤਾਕਤ ਵਿਖਾਉਣ ਦਾ ਦਿਨ ਹੈ, ਜਿਸ ਵਿੱਚ ਵਿਕਾਸ ਦੀਆਂ ਕੁਝ ਝਾਕੀਆਂ ਵੀ ਸ਼ਾਮਲ ਕੀਤੀਆਂ ਜਾਣ ਲੱਗ ਪਈਆਂ ਹਨ। ਮੁੱਢਲੇ ਸਾਲਾਂ ਵਿੱਚ ਭਾਰਤ ਦੇ ਇਸ ਦਿਵਸ ਮੌਕੇ ਗਵਾਂਢੀ ਦੇਸ਼ਾਂ, ਹੋਰ ਤਾਂ ਹੋਰ ਪਾਕਿਸਤਾਨ ਦੇ ਆਗੂ ਵੀ ਮੁੱਖ ਮਹਿਮਾਨ ਵਜੋਂ ਸੱਦੇ ਜਾਂਦੇ ਰਹੇ ਸਨ, ਹਾਲਾਂਕਿ ਦੇਸ਼ ਦੀ ਆਜ਼ਾਦੀ ਮਿਲਣ ਵੇਲੇਦੀ ਵੰਡ ਅਤੇ ਸਾਲ ਪੂਰਾ ਹੋਣ ਤੋਂ ਪਹਿਲਾਂ ਕਸ਼ਮੀਰ ਮੁੱਦੇ ਉੱਤੇ ਜੰਗ ਲੱਗ ਜਾਣਨਾਲ ਦੋਵਾਂ ਦੇਸ਼ਾਂ ਵਿਚਾਲੇ ਕੁੜੱਤਣਾਂ ਬਣ ਚੁੱਕੀਆਂ ਸਨ। ਇਸ ਦੇ ਬਾਵਜੂਦ ਸਾਲ 1955 ਵਿੱਚ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ ਅਤੇ ਸਾਲ 1965 ਵਿੱਚ ਓਥੋਂ ਦੇ ਖੁਰਾਕ ਤੇ ਖੇਤੀ ਮੰਤਰੀ ਰਾਣਾ ਅਬਦੁਲ ਹਮੀਦ ਨੂੰ ਮੁੱਖ ਮਹਿਮਾਨ ਬਣਾਇਆ ਗਿਆ ਸੀ। ਰਾਣਾ ਅਬਦੁਲ ਹਮੀਦ ਨੂੰ ਸੱਦਿਆ ਵੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਵਕਤ ਓਦੋਂ ਸੀ, ਜਦੋਂ ਪਾਕਿਸਤਾਨ ਵਿੱਚ ਫੌਜੀ ਹਾਕਮ ਅਯੂਬ ਖਾਨ ਦਾ ਰਾਜ ਸੀ ਤੇ ਦੋਵਾਂ ਦੇਸ਼ ਵਿਚਾਲੇ ਸੰਬੰਧ ਕੌੜ ਨਾਲ ਭਰੇ ਹੋਏ ਹੋਣ ਕਾਰਨ ਓਸੇ ਸਾਲ ਇੱਕ ਹੋਰ ਜੰਗ ਲੜਨੀ ਪੈ ਗਈ ਸੀ। ਉਸ ਹਾਲਤ ਵਿੱਚ ਵੀ ਇਸ ਕਿਸਮ ਦੇ ਆਪਸੀ ਸੰਬੰਧਸਨ ਕਿ ਓਦੋਂ ਦੇ ਪਾਕਿਸਤਾਨੀ ਆਗੂ ਏਥੇ ਆਉਣ ਤੋਂ ਝਿਜਕਦੇ ਨਹੀਂ ਸਨ, ਪਰ ਅੱਜ ਜਦੋਂ ਇਸ ਦੇਸ਼ ਦੇ ਸਮਾਗਮ ਦੌਰਾਨ ਜੰਗੀ ਹਥਿਆਰ ਪੇਸ਼ ਕੀਤੇ ਜਾਂਦੇ ਹਨ ਤੇ ਹਰ ਇੱਕਹਥਿਆਰ ਦੇ ਨਾਲ ਇਹ ਕਿਹਾ ਜਾਂਦਾ ਹੈ ਕਿ ਇਹ ਮਿਜ਼ਾਈਲ ਸਾਡੇ ਗੁਆਂਢੀ ਦੇਸ਼ ਦੇ ਕਿਸ-ਕਿਸ ਇਲਾਕੇ ਵਿੱਚਕਿੱਦਾਂ ਦੀ ਤਬਾਹੀ ਮਚਾ ਸਕਦੀ ਹੈ ਤਾਂ ਓਥੋਂ ਦੇ ਆਗੂਏਥੇ ਆਉਣਗੇ ਕਿਉਂ? ਕਈ ਵਾਰ ਇਸ ਤਰ੍ਹਾਂ ਜਾਪਣ ਲੱਗ ਪੈਂਦਾ ਹੈ ਕਿ ਅਸੀਂ ਗਣਤੰਤਰ ਦਿਵਸ ਵਿੱਚੋਂ'ਗਣ' ਕੱਢ ਦਿੱਤਾ ਅਤੇ ਫੌਜੀ ਤਾਕਤ ਦਾ ਪ੍ਰਗਟਾਵਾ ਹੀ ਮੁੱਖ ਹੋ ਗਿਆ ਹੈ।

ਜਦੋਂ ਭਾਰਤ ਨੂੰ ਗਣਤੰਤਰ ਮੰਨਿਆ ਤੇ ਇਸ ਦਾ ਸੰਵਿਧਾਨ ਪ੍ਰਵਾਨ ਕੀਤਾ ਗਿਆ ਸੀ, ਉਸ ਵਕਤ ਭਾਵਨਾਵਾਂ ਕੁਝ ਹੋਰ ਤਰ੍ਹਾਂ ਸਨ, ਅੱਜ ਹੋਰ ਤਰ੍ਹਾਂ ਦੀਆਂ ਹਨ। ਸਾਰਾ ਨਕਸ਼ਾ ਪਲਟ ਗਿਆ ਜਾਪਦਾ ਹੈ। ਜਿਸ ਭਾਰਤ ਅੰਦਰ ਕਦੀ ਧਰਮ-ਨਿਰਪੱਖ ਹੋਣਾ ਮਾਣ-ਮੱਤੀ ਗੱਲ ਮੰਨਿਆ ਜਾਂਦਾ ਸੀ, ਉਸੇ ਦੇਸ਼ ਵਿੱਚ ਅੱਜ ਉਲਟਾ ਗੇੜ ਚੱਲਣ ਦੇ ਬਾਅਦ ਨਵੇਂ ਹਾਲਾਤ ਵਿੱਚ 'ਧਰਮ-ਨਿਰਪੱਖਤਾ' ਸ਼ਬਦ ਦਾ ਮਜ਼ਾਕ ਉਡਾਇਆ ਜਾਂਦਾ ਤੇ ਦੇਸ਼ ਦੇ ਬਹੁ-ਗਿਣਤੀ ਲੋਕਾਂ ਨੂੰ ਉਨ੍ਹਾਂ ਦੇ ਧਰਮ ਦਾ ਵਾਸਤਾ ਦੇ ਕੇ ਵੋਟਾਂ ਦੇਣ ਨੂੰ ਉਕਸਾਇਆ ਜਾਂਦਾ ਹੈ। ਬਿਨਾਂ ਝਿਜਕ ਇਹ ਗੱਲ ਆਮ ਕਹੀ ਜਾਂਦੀ ਹੈ ਕਿ 'ਅੱਠ ਸੌ ਸਾਲਾਂਪਿੱਛੋਂ' ਇਸ ਦੇਸ਼ ਵਿੱਚਉਹ ਰਾਜ ਆਇਆ ਹੈ, ਜਿਸ ਨਾਲ ਭਾਰਤ ਦੇ ਬਹੁ-ਗਿਣਤੀ ਲੋਕ ਮਾਣ ਨਾਲ ਸਿਰ ਉੱਚਾ ਕਰ ਸਕਦੇ ਹਨ। ਉਂਜ ਉਸ ਧਰਮ ਦੇ ਸਾਰੇ ਸਿਰ ਲੋਕ ਉੱਚਾ ਨਹੀਂ ਕਰ ਸਕਦੇ, ਉਨ੍ਹਾਂ ਦੇ ਬਹਾਨੇ ਰਾਜਨੀਤੀ ਦੇ ਧਨੰਤਰ ਤੇ ਉਨ੍ਹਾਂ ਨਾਲ ਜੁੜੇ ਹੋਏ ਪੂੰਜੀਪਤੀ ਜ਼ਰੂਰ ਇਹ ਮਾਣ ਕਰਦੇ ਹਨ, ਓਸੇ ਧਰਮ ਨਾਲ ਸੰਬੰਧ ਰੱਖਣ ਵਾਲਾਅਤੇ ਅਜੇ ਤੱਕ ਝੁੱਗੀਆਂ-ਢਾਰਿਆਂ ਵਿੱਚ ਰਹਿਣ ਵਾਲਾ ਆਮ ਹਿੰਦੂ ਇਹ ਮਾਣ ਕਿੱਦਾਂ ਕਰ ਸਕੇਗਾ? ਉਸ ਵਿਚਾਰੇ ਦੀ ਰਾਏ ਕੌਣ ਪੁੱਛਦਾ ਹੈ, ਉਸ ਦੀਆਂ ਲੋੜਾਂ ਕੌਣ ਪੁੱਛਦਾ ਹੈ, ਉਸ ਨੂੰ ਤਾਂ ਭਗਵਾਨ ਰਾਮ ਦੇ ਨਾਂਅ ਉੱਤੇ ਦੇਸ਼ ਵਿੱਚ ਇੱਕ ਨਵਾਂ ਯੁੱਗ ਸ਼ੁਰੂ ਹੋਣ ਦੇ ਦਿਲਾਸੇ ਨਾਲ ਪਤਿਆਇਆ ਜਾਂ ਇਸ ਤੋਂ ਅੱਗੇ ਵਧ ਕੇ ਉਕਸਾਇਆ ਜਾਂਦਾ ਹੈ ਕਿ ਅਗਲੀ ਵਾਰੀ ਫਿਰ ਆਪਣੀ ਵੋਟ ਉਸੇ ਪਾਰਟੀ ਜਾਂ ਪਾਰਟੀਆਂ ਦੇ ਗੱਠਜੋੜ ਨੂੰ ਦੇਣੀ ਹੈ, ਜਿਹੜੇ ਇਸ ਪ੍ਰਕਿਰਿਆ ਨੂੰ ਅੱਗੇ ਵਧਾਈ ਜਾਣ।

ਪੰਜਾਹ ਸਾਲ ਪਹਿਲਾਂ ਬਾਰੇ ਸੋਚੀਏ ਤਾਂ ਸਾਡੀ ਪੀੜ੍ਹੀ ਦੇ ਲੋਕਾਂ ਨੂੰ ਚੇਤੇ ਆਉਂਦਾ ਹੈ ਕਿ ਓਦੋਂ ਦੇਸ਼ ਦੇ ਆਮ ਲੋਕਾਂ ਦੀਆਂ ਮੁੱਖ ਲੋੜਾਂ 'ਰੋਟੀ, ਕੱਪੜਾ, ਮਕਾਨ' ਤੱਕ ਸੀਮਤ ਹੁੰਦੀਆਂ ਸਨ। ਦੇਸ਼ ਦੇ ਹਰ ਪਾਰਟੀ ਦੇ ਆਗੂਆਂ ਨੂੰ ਆਮ ਲੋਕਾਂ ਦੀਆਂ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਕੁਝ ਕਰਨ ਦਾ ਨਾਅਰਾ ਦੇਣਾ ਪੈਂਦਾ ਸੀ। ਅੱਜ ਦੇ ਭਾਰਤ ਵਿੱਚ ਲੋਕਾਂ ਨੂੰ ਏਨਾ ਕਹਿ ਕੇ ਨਸ਼ਿਆਇਆ ਜਾ ਸਕਦਾ ਹੈ ਕਿ ਸਾਡਾ ਦੇਸ਼ 'ਵਿਸ਼ਵ ਗੁਰੂ' ਬਣਨ ਦੇ ਰਾਹ ਉੱਤੇ ਚੱਲਦਾ ਪਿਆ ਹੈ। ਪਹਿਲਾਂ ਅਸੀਂ 'ਪੇਟ ਨਾ ਪਈਆਂ ਰੋਟੀਆਂ ਤੇ ਸੱਭੇ ਗੱਲਾਂ ਖੋਟੀਆਂ' ਦੀ ਕਹਾਵਤ ਹਰ ਬੋਲੀ ਵਿੱਚ ਕਹੀ ਜਾਂਦੀ ਸੁਣਦੇ ਅਤੇ ਸਮਝਦੇ ਸਾਂ, ਅੱਜ ਉਸ ਦੇਸ਼ ਵਿੱਚ ਇਹ ਲੋੜਾਂ ਕਿਸੇ ਗਿਣਤੀ ਵਿੱਚ ਹੀ ਨਹੀਂ ਜਾਪਦੀਆਂ, ਧਰਮ ਦੇ ਨਾਂਅ ਉੱਤੇ ਜਨੂੰਨ ਦੀ ਇਹੋ ਜਿਹੀ ਪੁੱਠ ਚਾੜ੍ਹੀ ਜਾਂਦੀ ਹੈ ਕਿ ਕਿਸੇ ਨੂੰ ਹੋਰ ਕੁਝ ਸੁੱਝੇਗਾ ਹੀ ਨਹੀਂ। ਜਿਹੜਾ ਭਾਰਤ ਕਦੇ ਮਾਣ ਨਾਲ ਸਿਰ ਉਠਾ ਕੇ ਕਹਿੰਦਾ ਹੁੰਦਾ ਸੀ ਕਿ ਸਾਡੇ ਨਾਲ ਆਜ਼ਾਦ ਹੋਏ ਦੇਸ਼ ਆਪਣਾ ਲੋਕਤੰਤਰੀ ਹੁਲੀਆ ਕਾਇਮ ਨਹੀਂ ਰੱਖ ਸਕੇ ਅਤੇ ਇਸ ਸੁਲੱਖਣੀ ਦਿੱਖ ਨੂੰ ਅਸੀਂ ਬਚਾ ਰੱਖਿਆ ਹੈ, ਉਸ ਦੇਸ਼ ਵਿੱਚ ਅੱਜ ਇੱਕ ਆਗੂ ਆਪਣੀ ਸਰਕਾਰ ਜਾਂ ਆਪਣੀ ਪਾਰਟੀ ਤੇ ਗੱਠਜੋੜ ਦੀ ਬਜਾਏ ਹਰ ਗੱਲ ਨੂੰ ਆਪਣੇ ਨਾਂਅ ਦੀ ਗਾਰੰਟੀ ਦੀ ਮੋਹਰ ਲਾ ਕੇ ਪਰੋਸ-ਦਾ ਪਿਆ ਹੈ। ਹਾਲਾਤ ਏਦਾਂ ਦੇ ਬਣਦੇ ਜਾਂਦੇ ਹਨ ਕਿ ਇੱਕ ਘੱਟ-ਗਿਣਤੀ ਧਰਮ ਵਿਰੁੱਧ ਚੱਲਦੀ ਅਣ-ਐਲਾਨੇ ਪ੍ਰਚਾਰ ਦੀ ਮੁਹਿੰਮ ਇਸ ਦੇ ਨਾਲਦੂਸਰੇ ਧਰਮਾਂ ਦੇ ਲੋਕਾਂ ਲਈ ਵੀ ਇੱਕ ਸੁਨੇਹਾ ਬਣਦੀ ਜਾਂਦੀ ਹੈ। ਉਨ੍ਹਾਂ ਧਰਮਾਂ ਵਾਲੇ ਲੋਕ ਤੇ ਉਨ੍ਹਾਂ ਦੇ ਆਗੂ ਕਹਿਣ ਨੂੰ ਅੱਜ ਵੀ ਆਪੋ-ਆਪਣੇ ਧਰਮ ਦੀ ਵਿਲੱਖਣਤਾ ਦੀਆਂ ਗੱਲਾਂ ਕਰੀ ਜਾਂਦੇ ਹਨ, ਪਰਸਵੱਲੀ ਨਜ਼ਰ ਦੀ ਆਸ ਵਿੱਚ ਰਾਤ-ਦਿਨ ਦਿੱਲੀ ਵੱਲ ਤੱਕੀ ਜਾਂਦੇ ਹਨ, ਤਾਂ ਕਿ ਰਾਜ-ਸੁੱਖ ਮਾਨਣ ਦਾ ਕੋਈ ਹੰਢਣਸਾਰ ਜੁਗਾੜ ਕੀਤਾ ਜਾ ਸਕੇ।

ਪੌਣੀ ਕੁ ਸਦੀ ਪਹਿਲਾਂ ਖੁਦ ਨੂੰ ਗਣਤੰਤਰ ਐਲਾਨ ਚੁੱਕੇ ਤੇ ਅੱਜ ਤੱਕ ਇਸ ਐਲਾਨ ਦਾ ਮਾਣ ਕਰਦੇ ਆਏ ਇਸ ਦੇਸ਼ ਵਿੱਚ ਰਾਜ ਕਰਦੀ ਧਿਰ ਦੇ ਅੱਗੇ ਸਪੀਡ-ਬਰੇਕਰ ਬਣਨ ਜੋਗੀ ਵਿਰੋਧੀ ਧਿਰਲੋੜੀਦੀ ਹੈ। ਦੁਨੀਆ ਦੇ ਲੋਕਤੰਤਰੀ ਦੇਸ਼ਾਂ ਵਿੱਚ ਇਹੋ ਜਿਹੀ ਵਿਰੋਧੀ ਧਿਰ ਦਾ ਹੋਣਾ ਸ਼ੁਭ ਤੇ ਇਸ ਦੀ ਅਣਹੋਂਦ ਜਾਂ ਕਮਜ਼ੋਰ ਹੋਈ ਵਿਰੋਧਤਾ ਨੂੰ ਲੋਕਤੰਤਰੀ ਰਿਵਾਇਤਾਂ ਲਈ ਮਾੜਾ ਸਮਝਿਆ ਜਾਂਦਾ ਹੈ। ਭਾਰਤ ਵਿੱਚ ਇੰਦਰਾ ਗਾਂਧੀ ਦੇ ਰਾਜ ਵਿੱਚ ਵਿਰੋਧੀ ਧਿਰਾਂ ਨੂੰ ਖੋਰਾ ਲਾਉਣ ਦੀ ਜਿਹੜੀ ਖੇਡ ਕਾਂਗਰਸ ਪਾਰਟੀ ਨੇ ਸ਼ੁਰੂ ਕੀਤੀ ਸੀ, ਅੱਧੀ ਸਦੀ ਬਾਅਦ ਅੱਜ ਉਹ ਸਿਖਰਾਂ ਉੱਤੇ ਹੈ ਤੇ ਇਸ ਦੀ ਸਭ ਤੋਂ ਵੱਧ ਮਾਰ ਵੀ ਓਸੇ ਕਾਂਗਰਸ ਨੂੰ ਝੱਲਣੀ ਪੈ ਰਹੀ ਹੈ। ਨਿਤਾਣੀ ਜਿਹੀ ਜਾਪਦੀ ਇਹ ਪਾਰਟੀ ਅੱਜ ਵੀ ਆਮ ਲੋਕਾਂ ਦੀਨੇੜਤਾ ਕਰਨ ਤੋਂ ਵੱਧ ਇੱਕੋ ਟੱਬਰ ਦੇ ਕਿੱਲੇ ਨਾਲ ਬੱਝੀ ਹੋਣ ਦਾ ਮਾਣ ਮਹਿਸੂਸ ਕਰਦੀ ਹੈ ਤੇ ਇਸ ਦੀ ਏਸੇ ਬੇਵਕੂਫੀ ਨੂੰ ਉਹ ਵਿਰੋਧੀ ਆਗੂ ਵਰਤਦੇ ਹਨ, ਜਿਹੜੇ ਇੱਕ ਧਰਮ ਦੇ ਨਾਂਅ ਉੱਤੇ ਭਾਰਤ ਨੂੰ ਚਲਾਉਣ ਦੀ ਨਵੀਂ ਧਾਰਾ ਪ੍ਰਚਾਰਨ ਦੇ ਬਾਅਦ ਹੌਲੀ-ਹੌਲੀ ਸਿਰਫ ਇੱਕ ਆਗੂ ਦੀ ਗਾਰੰਟੀ ਨਾਲ ਦੇਸ਼ ਨੂੰ ਬੰਨ੍ਹਣ ਦੇ ਰਾਹ ਪੈ ਚੁੱਕੇ ਹਨ।

ਜਿਹੜੀ ਵਿਰੋਧੀ ਧਿਰ ਦੇ ਕਮਜ਼ੋਰ ਹੋਣ ਨਾਲ ਦੇਸ਼ ਵਿੱਚ ਲੋਕਤੰਤਰ ਲਈ ਖਤਰੇ ਵਧਣ ਦਾ ਸੰਕੇਤ ਦਿਖਾਈ ਦੇਣ ਲੱਗਦਾ ਹੈ, ਭਾਰਤ ਵਿੱਚ ਉਸ ਵਿਰੋਧੀ ਧਿਰ ਦੇ ਆਗੂ ਥਾਲੀ ਦੇ ਬਤਾਊਂ ਬਣ ਕੇ ਇਸ ਨੂੰ ਖੁਦ ਖੋਰਾ ਲਾ ਰਹੇ ਹਨ। ਸੱਤਾ ਦੀ ਭੁੱਖ ਇਸ ਵੇਲੇ ਏਨੀ ਵਧ ਚੁੱਕੀ ਹੈ ਕਿ ਲੋਕਤੰਤਰ ਨੂੰ ਲੀਹੋਂ ਲਹਿਣ ਤੋਂ ਬਚਾਉਣ ਦੀ ਥਾਂ ਵਿਰੋਧ ਦੀ ਧਿਰ ਦੇ ਆਗੂ ਉਨ੍ਹਾਂ ਲੋਕਾਂ ਵਾਲੀ ਕਤਾਰ ਵਿੱਚ ਬੈਠਣ ਲਈ ਕਾਹਲੇ ਹਨ, ਜਿਨ੍ਹਾਂ ਨੂੰ ਤਾਕਤਵਰ ਧਿਰ ਦੇ ਦਰਬਾਰ ਅੰਦਰ ਜਾ ਕੇ ਸ਼ਰਣ ਮੰਗਣ ਦਾ ਸਮਾਂ ਚਾਹੀਦਾ ਹੈ। ਇੰਦਰਾ ਗਾਂਧੀ ਜਦੋਂ ਇੱਕ ਵਾਰ ਹਾਰਨ ਪਿੱਛੋਂ ਦੋਬਾਰਾ ਪ੍ਰਧਾਨ ਮੰਤਰੀ ਬਣੀ ਸੀ ਤਾਂ ਪਹਿਲਾਂ ਉਸ ਨੂੰ ਭੰਡਦੇ ਰਹੇ ਬਾਬੂ ਜਗਜੀਵਨ ਰਾਮ ਵਰਗੇ ਆਗੂ ਉਸੇ ਕੋਲ ਜਾਣ ਦੇ ਲਈ ਏਲਚੀਆਂ ਦੀ ਭਾਲ ਵਿੱਚ ਲੱਗ ਗਏ ਸਨ। ਅਜੋਕੇ ਭਾਰਤ ਵਿੱਚ ਵੀ ਵਿਰੋਧੀ ਧਿਰ ਦੇ ਆਗੂ ਉਹੋ ਕੁਝ ਕਰ ਰਹੇ ਹਨ। ਨਿਤੀਸ਼ ਕੁਮਾਰ ਇਸ ਵਰਤਾਰੇ ਦੀ ਸਭ ਤੋਂ ਉੱਘੜਵੀਂ ਮਿਸਾਲ ਬਣਿਆ ਪਿਆ ਹੈ, ਪਰ ਉਸ ਵਰਗੇ ਹੋਰ ਵੀ ਬਹੁਤ ਸਾਰੇ ਮਿਲ ਸਕਦੇ ਹਨ। ਸਾਡੇ ਪੰਜਾਬ ਵਿੱਚ ਵੀ ਇਹੋ ਕੁਝ ਹੋ ਰਿਹਾ ਹੈ। ਪਿਛਲੇ ਦਿਨੀਂ ਇੱਕ ਆਗੂਮਾਣ ਨਾਲ ਦੱਸਦਾ ਸੁਣਿ-ਆ ਕਿ ਉਸ ਦੀ ਅਗਲੀ ਪਾਰਲੀਮੈਂਟ ਚੋਣ ਲੜਨ ਵਾਸਤੇ ਪੂਰੀ ਤਿਆਰੀ ਹੈ ਤੇ ਇਸ ਦੇ ਲਈ ਉਸ ਨੂੰ ਫਲਾਣੇ ਵੱਡੇ ਨੇਤਾ ਨੇ ਟਿਕਟ ਦਿਵਾਉਣ ਦਾ ਪੂਰਾ ਭਰੋਸਾ ਦਿੱਤਾ ਹੋਇਆ ਹੈ। ਫਿਰ ਉਸ ਨੇ ਦੋ-ਤਿੰਨ ਵਾਰੀ ਮਿਲਣ ਮੌਕੇ ਇਹ ਵੀ ਦੱਸਿਆ ਕਿ ਵਾਹਵਾ ਤਕੜਾ ਖਰਚ ਕਰਨਾ ਪੈ ਰਿਹਾ ਹੈ, ਪਰ ਟਿਕਟ ਉਸ ਦੀ ਪੱਕੀ ਹੋ ਚੁੱਕੀ ਹੈ। ਬੀਤੇ ਹਫਤੇ ਦੇ ਇੱਕ ਦਿਨ ਮਿਲਣ ਆਇਆ ਤਾਂ ਸੋਚਾਂ ਦੇ ਸਮੁੰਦਰ ਵਿੱਚ ਡੁੱਬਾ ਜਾਪਦਾ ਸੀ। ਪੁੱਛਣ ਉੱਤੇ ਉਸ ਨੇ ਦੱਸਿਆ ਕਿ ਉਸ ਨੂੰ ਭਰੋਸਾ ਦੇਣ ਵਾਲੇ ਲੀਡਰ ਨੇ ਕਿਹਾ ਹੈ ਕਿ ਟਿਕਟ ਆਪਾਂ ਦੋਵਾਂ ਨੂੰ ਮਿਲ ਸਕਦੀ ਹੈ, ਪਰ ਇਸ ਪਾਰਟੀ ਦੇ ਜਿੱਤਣ ਦਾ ਭਰੋਸਾ ਨਹੀਂ ਤੇ ਉਹ ਖੁਦ ਇਸ ਵੇਲੇ ਦੂਸਰੀਆਂ ਤਿੰਨਾਂ ਪਾਰਟੀਆਂ ਨਾਲ ਸੰਪਰਕ ਬਣਾਈ ਖੜਾ ਹੈ, ਜਿਹੜੀ ਵੀ ਪਾਰਟੀ ਉਸ ਨੂੰ ਟਿਕਟ ਦੇਣ ਨੂੰ ਤਿਆਰ ਹੋਈ, ਉਸੇ ਪਾਰਟੀ ਵਿੱਚ ਜਾਣ ਨੂੰ ਤਿਆਰ ਹੈ। ਉਸ ਨੇ ਇਹ ਵੀ ਦੱਸ ਦਿੱਤਾ ਕਿ ਉਸ ਨੂੰ ਆਪਣੇ ਇਲਾਕੇ ਵਿੱਚ ਆਪਣੇ ਜਨਤਕ ਆਧਾਰ ਦਾਪੂਰਾ ਮਾਣ ਹੈ, ਪਰ ਓਦੋਂ ਵੱਧ ਮਾਣ ਉਸ ਨੂੰ ਆਪਣੇ ਕੋਲ ਸੰਭਾਲੇ ਪਏ ਮਾਇਆ ਦੇ ਉਸ ਖਜ਼ਾਨੇ ਦਾ ਹੈ, ਜਿਹੜਾ ਰਾਜ-ਗੱਦੀਆਂ ਦਾ ਨਿੱਘ ਮਾਨਣ ਵੇਲੇ ਉਸ ਨੇਸੱਤ ਪੀੜ੍ਹੀਆਂ ਦੀ ਲੋੜ ਜੋਗਾ ਭਰ ਲਿਆ ਸੀ।

ਜਿਸ ਦੇਸ਼ ਵਿੱਚ ਕੋਈ ਆਗੂ ਕਿਸੇ ਵਿਚਾਰਧਾਰਾ ਨਾਲ ਜੁੜਨ ਦੀ ਥਾਂ ਜਿਸ ਵੀ ਪਾਰਟੀ ਵੱਲੋਂ ਟਿਕਟ ਮਿਲ ਸਕਣ ਦਾ ਭਰੋਸਾ ਹੋਵੇ, ਓਸੇ ਦਾ ਉਮੀਦਵਾਰ ਬਣਨ ਲਈ ਤਿਆਰ ਹੋ ਸਕਦਾ ਹੈ, ਉਸ ਵਿੱਚ ਗਣਤੰਤਰ ਦਿਵਸ ਸਮਾਗਮ ਜਿੰਨੇ ਮਰਜ਼ੀ ਮਨਾਏ ਜਾਣ,ਗਣਤੰਤਰੀ ਸੋਚ ਲੋਕਾਂ ਤੱਕ ਨਹੀਂ ਪਹੁੰਚਣੀ। ਪਿਛਲੀ ਪੌਣੀ ਸਦੀ ਦੌਰਾਨ ਭਾਰਤ ਦੇ ਲੋਕਾਂ ਨੂੰ ਕੁਝ ਵੀ ਸੋਚਣ ਦੀ ਥਾਂ ਜਿਵੇਂ ਸਿਰਫ ਸਮਾਗਮਾਂ ਦਾ ਹਿੱਸਾ ਬਣਦੇ ਜਾਣ ਦਾ ਚਸਕਾ ਲਾ ਦਿੱਤਾ ਗਿਆ ਹੈ, ਉਸ ਨਾਲ ਦੇਸ਼ ਜਿਸ ਪਾਸੇ ਵਧ ਸਕਦਾ ਹੈ, ਓਧਰ ਔਖਾ-ਸੌਖਾ ਵਧਦਾ ਜਾਂਦਾ ਹੈ। ਇਸ ਨੂੰ ਮੋੜਾ ਪੈਣ ਦੀ ਗੁੰਜਾਇਸ਼ ਬਾਰੇ ਗੱਲਾਂ ਤੇ ਗੋਸ਼ਟੀਆਂ ਹੋ ਸਕਦੀਆਂ ਹਨ, ਪਰ ਗੋਸ਼ਟੀਆਂ ਕਰਨ ਵਾਲੇ ਲੋਕ ਵੀ ਜਦੋਂ ਨਿੱਜੀ ਤੌਰ ਉੱਤੇ ਮਿਲਣ ਤਾਂ ਇਹ ਮੰਨਣ ਤੋਂ ਝਿਜਕਦੇ ਨਹੀਂ ਕਿ ਹਾਲਤ ਹਰਘੋੜ-ਸਵਾਰ ਦੇ ਹੱਥੋਂ ਵਾਗ ਛੁੱਟ ਜਾਣ ਵਾਲੀ ਬਣੀ ਪਈ ਹੈ। ਇਸ ਮਾਹੌਲ ਵਿੱਚ ਭਾਰਤ ਨੇ ਇੱਕ ਹੋਰ ਗਣਤੰਤਰ ਦਿਵਸ ਮਨਾ ਲਿਆ ਹੈ, ਚੱਲੋ ਇਸ ਬਹਾਨੇ ਵੀ ਥੋੜ੍ਹਾ ਖੁਸ਼ ਹੋ ਲੈਣਾ ਮਾੜਾ ਨਹੀਂ ਹੁੰਦਾ।


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.

Lic. 600094

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


## ਸੰਘਾ ਮੋਸ਼ਨ ਪਿਕਚਰਜ਼ ਦੀ ਇਨਾਮ ਜੇਤੂ ਫਿਲਮ 'ਡਰਾਈਡ ਐਪਰੀਕੋਟਸ' ਓਨਟਾਰੀਓ ਦੇ ਮੀਡੋਵੇਲ ਥੀਏਟਰ ਵਿਚ ਵਿਖਾਈ ਗਈ





ਮਿਸੀਸਾਗਾ, (ਡਾ. ਝੰਡ) - 'ਸੰਘਾ ਮੋਸ਼ਨ ਪਿਕਚਰਜ਼' ਇਹ ਦੱਸਣ ਵਿਚ ਫ਼ਖ਼ਰ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀ ਫਿਲਮ 'ਡਰਾਈਡ ਐਪਰੀਕੋਟਸ', ਜਿਸ ਨੇ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿਚ 16 ਵੱਖ-ਵੱਖ ਇਨਾਮ ਜਿੱਤੇ ਹਨ, ਦਾ ਸਫ਼ਲ ਪ੍ਰਦਰਸ਼ਨ ਓਨਟਾਰੀਓ ਦੇ ਸ਼ਹਿਰ ਮਿਸੀਸਾਗਾ ਸਥਿਤ ਮੀਡੋਵੇਲ ਥੀਏਟਰ ਬੀਤੇ ਐਤਵਾਰ 14 ਜਨਵਰੀ ਨੂੰ ਕੀਤਾ ਗਿਆ। ਇਸ ਮੌਕੇ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕਰਕੇ 400 ਦੇ ਕਰੀਬ ਮਹਿਮਾਨਾਂ ਦੇ ਨਾਲ ਮਿਲ ਕੇ ਇਸ ਫਿਲਮ ਦਾ ਅਨੰਦ ਮਾਣਿਆਂ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਇਸ ਤੋਂ ਪਹਿਲਾਂ ਡਾ. ਜਗਮੋਹਨ ਸਿੰਘ ਸੰਘਾ ਦੀ ਅਗਵਾਈ ਵਿਚ 'ਸੰਘਾ ਮੋਸ਼ਨ ਪਿਕਚਰਜ਼' ਦੇ ਬੈਨਰ ਹੇਠ ਬਣੀ ਸ਼ਾਰਟ ਫਿਲਮ 'ਨੈਵਰ ਅਗੇਨ' ਨੇ ਵੀ ਅੰਤਰਰਾਸ਼ਟਰੀ ਪੱਧਰ 'ਤੇ ਹੋਏ ਫਿਲਮ ਫੈਸਟੀਵਲਾਂ ਵਿੱਚ ਕਈ ਇਨਾਮ ਜਿੱਤੇ ਸਨ ਜਿਸ ਵਿਚ ਨਸ਼ਿਆਂ ਦੇ ਕੋਹੜ ਵਰਗੀ ਭਿਆਨਕ 'ਬੀਮਾਰੀ', ਘਰੇਲੂ ਹਿੰਸਾ ਅਤੇ ਹੋਰ ਸਮਾਜਿਕ ਬੁਰਾਈਆਂ ਨੂੰ ਬੜੀ ਸੁਚੱਜਤਾ ਨਾਲ ਉਭਾਰਿਆ ਗਿਆ ਸੀ।

'ਡਰਾਈਡ ਐਪਰੀਕੋਟਸ' ਨੇ ਦੇਸ਼-ਦੇਸਾਂਤਰਾਂ ਤੇ ਧਰਮਾਂ ਦੀਆਂ ਵਲਗਣਾਂ ਨੂੰ ਪਰੇ ਹਟਾਉਂਦਿਆਂ ਹੋਇਆਂ ਇੱਕ ਵੱਖਰਾ ਮਾਹੌਲ ਸਿਰਜ ਕੇ ਵੱਖ-ਵੱਖ ਸਮਾਜਿਕ ਖ਼ੇਤਰਾਂ ਤੋਂ ਆਏ ਲੋਕਾਂ ਦਾ ਮਨ ਮੋਹ ਲਿਆ। 'ਮੀਡੋਵੇਲ ਥੀਏਟਰ' ਨੇ ਇਸ ਦੇ ਪਿਛੋਕੜ ਸਬੰਧੀ ਵਿਚਾਰ-ਵਟਾਂਦਰੇ ਲਈ ਯੋਗ ਸਥਾਨ ਅਤੇ ਸਾਰਥਿਕ ਮਾਹੌਲ ਨਾਲ ਇਸ ਸ਼ਾਮ ਨੂੰ ਯਾਦਗਾਰੀ ਬਣਾਇਆ ਜਿਸ ਦਾ ਪ੍ਰਭਾਵ ਲੋਕਾਂ ਦੇ ਮਨਾਂ 'ਚ ਲੰਮੇਂ ਸਮੇਂ ਲਈ ਕਾਇਮ ਰਹੇਗਾ।

ਫਿਲਮ ਦੀ ਸਮੁੱਚੀ ਟੀਮ ਵੱਲੋਂ ਡਿਪਟੀ ਮੇਅਰ ਹਰਕੀਰਤ ਸਿੰਘ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੀ ਆਮਦ ਨਾਲ ਇਸ ਮੌਕੇ ਰੌਣਕ ਵਿਚ ਦੁੱਗਣਾ-ਚੌਗੁਣਾ ਵਾਧਾ ਹੋਇਆ। ਉਨ੍ਹਾਂ ਸਾਰਿਆਂ ਦਾ ਕਹਿਣਾ ਸੀ ਕਿ ਹਰਕੀਰਤ ਸਿੰਘ ਹੋਰਾਂ ਦੀ ਕਲਾਤਮਿਕ ਸੂਝ ਅਤੇ ਉਨ੍ਹਾਂ ਦੇ ਵੱਲੋਂ ਮਿਲੀ ਹੱਲਾਸ਼ੇਰੀ ਸਾਡੀਆਂ ਕਮਿਊਨਿਟੀਆਂ ਦੀਆਂ ਸੱਭਿਆਚਾਰਕ ਸਰਗ਼ਰਮੀਆਂ ਨੂੰ ਉਤਸ਼ਾਹਿਤ ਕਰਦੀ ਹੈ। ਡਿਪਟੀ ਮੇਅਰ ਵੱਲੋਂ ਇਸ ਮੌਕੇ ਕਹੇ ਹੋਏ ਸ਼ਬਦਾਂ ਨੇ ਫਿਲਮ ਦੇ ਪ੍ਰੀਮੀਅਰ ਸ਼ੋਅ ਦੀ ਸਾਰਥਿਕਤਾ ਵਿੱਚ ਹੋਰ ਵੀ ਚੋਖਾ ਵਾਧਾ ਕੀਤਾ ਹੈ।

ਫਿਲਮ ਦੇ ਨਿਰਮਾਤਾ ਡਾ. ਜਗਮੋਹਨ ਸਿੰਘ ਸੰਘਾ ਨੇ ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ, "ਫਿਲਮ 'ਡਰਾਈਡ ਐਪਰੀਕੋਟਸ' ਦੀ ਸਫ਼ਲਤਾ ਇਸ ਦੇ ਕਲਾਕਾਰਾਂ ਅਤੇ ਸਹਿਯੋਗੀਆਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਪ੍ਰਤਿਭਾ ਦਾ ਸੂਚਕ ਹੈ, ਜਿਨ੍ਹਾਂ ਦੇ ਸਮੂਹਿਕ ਯਤਨਾਂ ਸਦਕਾ ਇਹ ਵੱਡਾ ਪ੍ਰਾਜੈਕਟ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ ਹੈ। ਫਿਲਮ ਦੇ ਨਿਰਦੇਸ਼ਕ ਕਰਨ ਸੰਘਾ ਅਤੇ ਇਸ ਦੇ ਸਮੁੱਚੀ ਟੀਮ ਨੇ ਇਸ ਫਿਲਮ ਦੇ ਨਿਰਮਾਣ ਲਈ ਜੀਅ-ਜਾਨ ਨਾਲ ਮਿਹਨਤ ਕਰਕੇ ਨਵਾਂ ਤਜਰਬਾ ਕੀਤਾ ਹੈ ਜਿਸ ਨੂੰ ਆਉਂਦੇ ਸਮੇਂ ਵਿਚ ਸਾਲਾਂ-ਬੱਧੀ ਯਾਦ ਰੱਖਿਆ ਜਾਏਗਾ।

ਸੰਘਾ ਮੋਸ਼ਨ ਪਿਕਚਰਜ਼ ਵੱਲੋਂ ਇਸ ਮੌਕੇ ਆਏ ਹੋਏ 400 ਮਹਿਮਾਨਾਂ ਦਾ ਦਿਲੀ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਫਿਲਮ ਨੂੰ ਸਾਹ ਰੋਕ ਕੇ ਵੇਖਦਿਆਂ ਹੋਇਆਂ ਸ਼ਾਨਦਾਰ ਮਾਹੌਲ ਸਿਰਜ ਕੇ ਇਸ ਸ਼ਾਮ ਨੂੰ ਯਾਦਗਾਰੀ ਬਣਾਇਆ। ਫਿਲਮ ਦੇ ਡਾਇਰੈੱਕਟਰ ਕਰਨ ਸੰਘਾ ਦਾ ਇਸ ਮੌਕੇ ਕਹਿਣਾ ਸੀ ਕਿ ਉਨ੍ਹਾਂ ਦੇ ਵੱਲੋਂ ਮਿਲੇ ਉਤਸ਼ਾਹ, ਹਾਂ-ਪੱਖੀ ਹੁੰਗਾਰੇ ਅਤੇ ਆਏ ਮੁੱਲਵਾਨ ਸੁਝਾਆਂ ਸਦਕਾ ਅਸੀਂ ਅੱਗੋਂ ਚੁਣੌਤੀਆਂ ਭਰਪੂਰ ਕਹਾਣੀਆਂ ਲੈ ਕੇ ਹੋਰ ਫਿਲਮਾਂ ਦਾ ਨਿਰਮਾਣ ਕਰਾਂਗੇ ਜਿਹੜੀਆਂ ਸਾਡੇ ਵਿਭਿੰਨ ਦਰਸ਼ਕਾਂ ਦੀਆਂ ਕਸੌਟੀਆਂ 'ਤੇ ਖ਼ਰੀਆਂ ਉੱਤਰਨਗੀਆਂ।

ਫਿਲਮ ਦੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਕੇ ਸੰਘਾ ਮੋਸ਼ਨ ਪਿਕਚਰਜ਼ ਫਿਲਮੀ ਦੁਨੀਆਂ ਵਿੱਚ ਹੋਰ ਪ੍ਰਾਜੈੱਕਟ ਹੱਥਾਂ ਵਿਚ ਲੈ ਕੇ ਅੰਤਰਰਾਸ਼ਟਰੀ ਪੱਧਰ 'ਤੇ ਦਰਸ਼ਕਾਂ ਨਾਲ ਨਵੇਂ ਬ੍ਰਿਤਾਂਤ ਰਚਾਏਗਾ। ਜ਼ਿਕਰਯੋਗ ਹੈ ਕਿ ਇਸ ਫਿਲਮ ਦੀ ਪ੍ਰਮੋਸ਼ਨ ਲਈ ਡਾ. ਜਗਮੋਹਨ ਸੰਘਾ ਆਪਣੀ ਟੀਮ ਦੇ ਕੁਝ ਸਾਥੀਆਂ ਨਾਲ ਅਗਲੇ ਹਫ਼ਤੇ ਲਾਹੌਰ (ਪਾਕਿਸਤਾਨ) ਜਾ ਰਹੇ ਹਨ।




# ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋ ਪੰਜਾਬੀ ਬੋਲੀ ਦੇ ਪ੍ਰਚਾਰ ਲਈ ਯੂਰਪ ਦੇ ਦੌਰੇ 'ਤੇ ਆਏ ਵਿਸ਼ਵ ਪੰਜਾਬੀ ਸਭਾ ਕੈਨੇਡਾ ਅਤੇ ਪੰਜਾਬ ਦੇ ਵਫ਼ਦ ਦਾ ਸਵਾਗਤ

## ਸਾਹਿਤਿਕ ਸਮਾਗਮ ਵਿਚ ਡਾ ਦਲਬੀਰ ਕਥੂਰੀਆ, ਬਲਵੀਰ ਕੌਰ ਰਾਏਕੋਟੀ, ਬਾਲ ਮੁਕੰਦ ਸ਼ਰਮਾ, ਪਵਨ ਮਨਚੰਦਾ ਅਤੇ ਕੰਵਲਜੀਤ ਸਿੰਘ ਲੱਕੀ ਹੋਏ ਵਿਸ਼ੇਸ਼ ਤੌਰ ਤੇ ਸ਼ਾਮਿਲ





ਇਟਲੀ, 28 ਜਨਵਰੀ (ਗਿਆਨ ਸਿੰਘ): ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਅਤੇ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਯੂਰਪ ਦੇ ਦੌਰੇ ਤੇ ਆਈ ਪੰਜਾਬ ਦੀ ਟੀਮ ਦਾ ਇਟਲੀ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਸਭਾ ਵਲੋਂ ਉਲੀਕੇ 26 ਜਨਵਰੀ ਗਣਤੰਤਰ ਦਿਵਸ ਨੂੰ ਸਮਰਪਿਤ ਇਸ ਸਾਹਿਤਿਕ ਸਮਾਗਮ ਵਿੱਚ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ ਦਲਵੀਰ ਸਿੰਘ ਕਥੂਰੀਆ, ਜਰਨਲ ਸਕੱਤਰ ਕਮਲਜੀਤ ਸਿੰਘ ਲੱਕੀ , ਭਾਰਤ ਪ੍ਰਧਾਨ ਬਲਵੀਰ ਕੌਰ ਰਾਏਕੋਟੀ , ਪ੍ਰਸਿੱਧ ਹਾਸਰਸ ਕਲਾਕਾਰ ਬਾਲ ਮੁਕੰਦ ਸ਼ਰਮਾ ਅਤੇ ਪਵਨ ਮਨਚੰਦਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਟਲੀ ਦੇ ਜਿਲਾ ਰਿਜੋਇਮੀਲੀਆ ਦੇ ਸ਼ਹਿਰ ਬਨਿਓਲੋ ਇਨ ਪਿਆਨੋ ਵਿਖੇ ਹੋਏ ਇਸ ਸਾਹਿਤਿਕ ਸਮਾਗਮ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ ਪਸਾਰ ਲਈ ਹੋਈ ਵਿਚਾਰ ਚਰਚਾ ਵਿੱਚ ਇਲਾਕੇ ਦੇ ਪਤਵੰਤੇ ਪੰਜਾਬੀ , ਸਫਲ ਕਿਸਾਨ , ਕਾਰੋਬਾਰੀ ਅਤੇ ਲੇਖਕਾਂ ਸਮੇਤ ਸ਼ਹਿਰ ਦੇ ਇਤਾਲਵੀ ਮੇਅਰ ਯਾਨ ਲੂਕਾ ਪਾਵਲੀ ਨੇ ਵੀ ਸ਼ਿਰਕਤ ਕੀਤੀ ਅਤੇ ਕਿਹਾ ਕਿ ਭਵਿੱਖ ਵਿੱਚ ਉਹ ਭਾਸ਼ਾ ਅਤੇ ਸੱਭਿਆਚਾਰ ਦੇ ਸਾਂਝੇ ਉਪਰਾਲਿਆਂ ਲਈ ਹਮੇਸ਼ਾ ਸਹਿਯੋਗ ਦਿੰਦੇ ਰਹਿਣਗੇ।

ਸਮਾਗਮ ਦੀ ਸ਼ੁਰੂਆਤ ਸੰਚਾਲਕ ਦਲਜਿੰਦਰ ਰਹਿਲ ਵੱਲੋ ਅੱਜ ਦੇ ਸਮਾਗਮ ਦਾ ਮਨੋਰਥ , 26 ਜਨਵਰੀ ਦੀ ਮਹੱਤਤਾ , ਡਾ ਅੰਬੇਦਕਰ ਅਤੇ ਆਜ਼ਾਦੀ ਸੰਗਰਾਮੀਆਂ ਨੂੰ ਯਾਦ ਕਰਦਿਆਂ ਕੀਤੀ ਗਈ । ਪ੍ਰੋ ਜਸਪਾਲ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਪੰਜਾਬੀ ਫਿਲਮ ਇੰਡਸਟਰੀ ਦੀਆਂ ਵੱਡੀਆਂ ਹਸਤੀਆਂ ਨਿਰਮਲ ਰਿਸ਼ੀ ਅਤੇ ਪ੍ਰਾਣ ਸੱਭਰਵਾਲ ਨੂੰ ਭਾਰਤ ਸਰਕਾਰ ਵਲੋਂ ਐਲਾਨੇ ਪਦਮ ਸ੍ਰੀ ਐਵਾਰਡ ਦੀ ਵਧਾਈ ਵੀ ਸੱਭ ਨਾਲ ਸਾਂਝੀ ਕੀਤੀ। ਉਪਰੰਤ ਵਿਸ਼ਵ ਪੰਜਾਬੀ ਸਭਾ ਦੀ ਭਾਰਤ ਪ੍ਰਧਾਨ ਬਾਲਵੀਰ ਕੌਰ ਰਾਏਕੋਟੀ ਵਲੋਂ ਵਿਸ਼ਵ ਪੰਜਾਬੀ ਸਭਾ ਦਾ ਮਨੋਰਥ, ਕਾਰਜ਼ ਖੇਤਰ ਭਵਿੱਖੀ ਯੋਜਨਾਵਾਂ ਅਤੇ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ ਗਈ। ਕਨੇਡਾ ਤੋਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਡਾ ਦਲਵੀਰ ਸਿੰਘ ਕਥੂਰੀਆ ਨੇ ਕਿਹਾ ਕਿ ਸਾਨੂੰ ਪੰਜਾਬੀ ਬੋਲੀ ਦੀ ਬੇਹਤਰੀ ਲਈ ਇਸ ਦੀ ਸ਼ੁਰੂਆਤ ਅਪਣੇ ਘਰ ਅਤੇ ਬੱਚਿਆਂ ਤੋਂ ਕਰਨੀ ਚਾਹੀਦੀ ਹੈ ਤੇ ਇਸਦੇ ਪ੍ਰਚਾਰ ਪਸਾਰ ਲਈ ਵਿਸ਼ਵ ਪੱਧਰੀ ਸਾਂਝ ਉਸਾਰ ਕੇ ਸਮੂਹਿਕ ਤੇ ਸਾਰਥਿਕ ਯਤਨ ਕਰਨੇ ਚਾਹੀਦੇ ਹਨ। ਡਾ ਕਥੂਰੀਆ ਵਲੋਂ ਇਸ ਸਮੇਂ ਵਿਸ਼ਵ ਪੰਜਾਬੀ ਸਭਾ ਵਲੋਂ ਸ਼ੁਰੂ ਕਰਨ ਜਾ ਰਹੇ ਭਵਿਖ ਵਿਚ ਵੱਡੇ ਤੇ ਵਿਸ਼ਵ ਪੱਧਰੀ ਸ਼ਿਵ ਕੁਮਾਰ ਬਟਾਲਵੀ ਅਤੇ ਅਮ੍ਰਿਤਾ ਪ੍ਰੀਤਮ ਪੁਰਸਕਾਰਾਂ ਦਾ ਵੀ ਜ਼ਕਿਰ ਕੀਤਾ ਗਿਆ। ਹਾਸਰਸ ਕਲਾਕਾਰ ਬਾਲ ਮੁਕੰਦ ਸ਼ਰਮਾ ਨੇ ਸਭਾ ਵਲੋਂ ਕਰਵਾਏ ਗਏ ਇਸ ਸਾਹਿਤਿਕ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਵਿਦੇਸ਼ਾ ਵਿੱਚ ਰਹਿ ਕੇ ਆਪਣੇ ਸੱਭਿਆਚਾਰ ਵਿਰਸੇ , ਵਿਰਾਸਤ ਤੇ ਮਾਂ ਬੋਲੀ ਵਾਰੇ ਵਿਚਾਰ ਚਰਚਾ ਲਈ ਰੁਝੇਵਿਆਂ ਚੋਂ ਸਮਾਂ ਕੱਢ ਕੇ ਇਹੋ ਜਿਹੇ ਪ੍ਰੋਗਰਾਮ ਉਲੀਕਣੇ ਸੌਖੇ ਨਹੀਂ ਹੁੰਦੇ ਉਹਨਾਂ ਸਾਹਿਤ ਸੁਰ ਸੰਗਮ ਸਭਾ ਦੇ ਇਹਨਾਂ ਵਿਸ਼ੇਸ਼ ਕਾਰਜਾਂ ਲਈ ਵਧਾਈ ਦਿੱਤੀ ਅਤੇ ਵਿਸ਼ਵ ਪੰਜਾਬੀ ਸਭਾ ਸਮੇਤ ਪੰਜਾਬ ਵਿੱਚੋਂ ਪੰਜਾਬੀ ਬੋਲੀ ਵਾਰੇ ਹੋ ਰਹੇ ਕੰਮਾਂ ਦਾ ਵਰਨਣ ਵੀ ਕੀਤਾ। ਇਸ ਤੋਂ ਇਲਾਵਾ ਕੰਵਲਜੀਤ ਸਿੰਘ ਲੱਕੀ, ਪਵਨ ਮਨਚੰਦਾ ਅਤੇ ਹੋਰ ਬੁਲਾਰਿਆਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਪੰਜਾਬੀ ਬੋਲੀ ਦੀ ਬੇਹਤਰੀ ਲਈ ਸੁਝਾਅ ਪੇਸ਼ ਕੀਤੇ।

ਇਲਾਕੇ ਦੇ ਮਸ਼ਹੂਰ ਕਿਸਾਨ ਭੁਪਿੰਦਰ ਸਿੰਘ ਕੰਗ, ਸਿਵਲ ਪ੍ਰੋਟੈਕਸ਼ਨ ਰਿਜੋਇਮੀਲੀਆ ਨੋਵੇਲਾਰਾ ਦੇ ਪ੍ਰਧਾਨ ਭੁਪਿੰਦਰ ਸਿੰਘ ਸੋਨੀ, ਜਸਵੀਰ ਸਿੰਘ, ਗੁਰਦੇਵ ਸਿੰਘ , ਕਸ਼ਮੀਰੀ ਲਾਲ, ਜਤਿੰਦਰ ਪਾਸਟਰ , ਜਗਮੀਤ ਸਿੰਘ , ਕਮਲਜੀਤ ਕੌਰ ਅਤੇ ਇਲਾਕੇ ਦੀਆਂ ਹੋਰ ਮਾਣਮੱਤੀਆਂ ਸ਼ਖਸੀਅਤਾਂ ਨੇ ਸ਼ਾਮਿਲ ਹੋ ਕੇ ਇਸ ਸਮਾਗਮ ਦੀ ਸ਼ੋਭਾ ਵਧਾਈ। ਇਸ ਮੌਕੇ ਸਭਾ ਵਲੋਂ ਕਰਵਾਏ ਕਵੀ ਦਰਵਾਰ ਵਿੱਚ ਕਰਮਜੀਤ ਕੌਰ ਰਾਣਾ, ਸਤਵੀਰ ਸਾਂਝ, ਦੀਪ ਇਟਲੀ, ਜਸਵਿੰਦਰ ਕੌਰ ਮਿੰਟੂ, ਦਲਜਿੰਦਰ ਰਹਿਲ, ਬਾਲਵੀਰ ਕੌਰ ਰਾਏਕੋਟੀ,ਪ੍ਰੋਫੈਸਰ ਜਸਪਾਲ ਸਿੰਘ, ਗੁਰਮੀਤ ਸਿੰਘ ਮੱਲੀ , ਭਿੰਦਰਜੀਤ ਕੌਰ, ਸਿੱਕੀ ਝੱਜੀ ਪਿੰਡ ਵਾਲਾ ਨੇ ਆਪਣੀਆਂ ਰਚਨਾਵਾਂ ਪੜ੍ਹ ਕੇ ਹਾਜ਼ਰੀ ਲਗਵਾਈ। ਬਾਲ ਮੁਕੰਦ ਸ਼ਰਮਾ ਜੀ ਦੁਆਰਾ ਸੁਣਾਈ ਜਨਾਬ ਸੁਰਜੀਤ ਪਾਤਰ ਦੀ ਰਚਨਾ ਅਤੇ ਸੋਢੀ ਮੱਲ ਦੇ ਗਾਏ ਸੁਰੀਲੇ ਗੀਤਾਂ ਨੇ ਸੱਭ ਦਾ ਮਨ ਮੋਹ ਲਿਆ । ਅੰਤ ਵਿੱਚ ਸਭਾ ਦੇ ਮੀਤ ਪ੍ਰਧਾਨ ਗੁਰਮੀਤ ਸਿੰਘ ਮੱਲ੍ਹੀ ਵਲੋਂ ਸੱਭ ਦਾ ਧੰਨਵਾਦ ਕੀਤਾ ਗਿਆ ਅਤੇ ਸਭਾ ਵਲੋਂ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ ਭੇਟ ਕੀਤੇ ਗਏ।



# ਆਯਕਰ ਭਵਨ ਚੰਡੀਗੜ੍ਹ ਵਿਖੇ ਮਨਾਇਆ ਗਿਆ 75ਵਾਂ ਗਣਤੰਤਰ ਦਿਵਸ





ਚੰਡੀਗੜ੍ਹ, 28 ਜਨਵਰੀ (ਗਿਆਨ ਸਿੰਘ): ਬੀਤੇ ਦਿਨ ਆਮਦਨ ਕਰ ਵਿਭਾਗ ਵੱਲੋਂ ਆਯਕਰ ਭਵਨ, ਸੈਕਟਰ-17 ਈ, ਚੰਡੀਗੜ੍ਹ ਵਿਖੇ 75ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਉੱਤਰੀ ਪੱਛਮੀ ਖੇਤਰ, ਚੰਡੀਗੜ੍ਹ ਦੇ ਆਮਦਨ ਕਰ ਵਿਭਾਗ ਦੇ ਪ੍ਰਿੰ. ਚੀਫ਼ ਕਮਿਸ਼ਨਰ ਸ਼੍ਰੀਮਤੀ ਅਮਰਾਪਾਲੀ ਦਾਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਅਮਰਾਪਾਲੀ ਦਾਸ ਨੇ ਤਿਰੰਗਾ ਲਹਿਰਾਇਆ ਅਤੇ ਸੀਨੀਅਰ ਅਧਿਕਾਰੀਆਂ ਨੇ ਰਾਸ਼ਟਰ ਦੇ ਵਿਕਾਸ ਅਤੇ ਵਿਭਾਗ ਦੀ ਵਚਨਬੱਧਤਾ ਨੂੰ ਦਰਸਾਉਂਦੇ ਤਿਰੰਗੇ ਦੇ ਤਿੰਨੋਂ ਰੰਗਾਂ ਦੇ ਗੁਬਾਰੇ ਛੱਡੇ। ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਆਮਦਨ ਕਰ ਵਿਭਾਗ, ਗੁਰੂਕੁਲ ਗਲੋਬਲ ਸਕੂਲ ਅਤੇ ਸ਼ਿਵਾਲਿਕ ਪਬਲਿਕ ਸਕੂਲ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਸਾਡੇ ਕੌਮੀ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦੀਆਂ ਅਤੇ ਵਿਸ਼ਵ-ਵਿਆਪੀ ਭਾਈਚਾਰੇ ਨੂੰ ਉਤਸ਼ਾਹਿਤ ਕਰਦਿਆਂ ਪੇਸ਼ਕਾਰੀਆਂ ਦਾ ਪ੍ਰਦਰਸ਼ਨ ਕੀਤਾ ਗਿਆ।

ਗਣਤੰਤਰ ਦਿਵਸ ਮੌਕੇ ਭਾਸ਼ਣ ਦਿੰਦਿਆਂ ਸ਼੍ਰੀਮਤੀ ਅਮਰਾਪਾਲੀ ਦਾਸ ਨੇ ਰਾਸ਼ਟਰ ਨਿਰਮਾਣ ਵਿੱਚ ਆਮਦਨ ਕਰ ਵਿਭਾਗ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਦੇਸ਼ ਦੀ ਆਜ਼ਾਦੀ ਤੋਂ ਹੁਣ ਤੱਕ ਦੇ ਵਿੱਤੀ ਵਿਕਾਸ ਵਿੱਚ ਵਿਭਾਗ ਦੇ ਪ੍ਰਮੁੱਖ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਆਦਰਸ਼ ਨਾਗਰਿਕ ਬਣਨ ਲਈ ਪ੍ਰੇਰਿਆ।

ਇਸ ਪ੍ਰੋਗਰਾਮ ਵਿੱਚ ਤਿਰੰਗੇ ਨੂੰ ਥੀਮ ਵਜੋਂ ਅਪਣਾਇਆ ਗਿਆ, ਜਿਸ ਵਿੱਚ ÷ਸਰਬੋਤਮ ਦੇਸ਼ ਭਗਤੀ ਦੇ ਪਹਿਰਾਵੇ÷ ਲਈ ਪੁਰਸਕਾਰ ਦਿੱਤੇ ਗਏ। ਉੱਥੇ ਸਥਿਤ ਥੀਮ ਵਾਲੇ ਫੋਟੋ ਬੂਥ ਨੇ ਹਾਜ਼ਰੀਨਾਂ ਦੇ ਉਤਸ਼ਾਹ ਨੂੰ ਵਧਾਇਆ। ਇਸ ਵਿਸ਼ੇਸ਼ ਯਾਦਗਾਰੀ ਸਮਾਗਮ ਵਿੱਚ ਐੱਨ. ਜੈਸ਼ੰਕਰ, ਪੀ.ਸੀ.ਆਈ.ਟੀ.-1, ਚੰਡੀਗੜ੍ਹ, ਸੀਨੀਅਰ ਅਧਿਕਾਰੀ, ਮੁਲਾਜ਼ਮ ਅਤੇ ਉਨ੍ਹਾਂ ਦੇ ਪਰਿਵਾਰ ਸ਼ਾਮਲ ਹੋਏ।


Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212

2053 Williams Pkwy, Unit -45, Brampton | Email: grandupholstery@gmail.com



URGENTLY NEED NEW LISTINGS IN BRAMPTON/CALEDON



visit: www.teamjagaujla.com

JAG AUJLA

MCNE, REAL ESTATE BROKER

416-371-7777

e-mail: j.aujla@rogers.com or visit: www.jagaujla.com

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED IN YOUR NEIGHBOURHOOD

**Brampton Ontario (Dir/Cross St:Kennedy/Bovaird)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਸੋਹਣਾ ਜਿਹਾ ਘਰ, 3 ਬੈਡਰੂਮ ਅਤੇ 4 ਵਾ-ਸ਼ਰੂਮ ਹਨ, ਫਿਨਿਸ਼ਡ ਬੇਸਮੈਂਟ, 1+1 ਕਿਚਨ, ਮੇਨ ਅਤੇ ਦੂਜੀ ਮੰਜ਼ਲ ਦੇ ਫਲੋਰ ਲੈਮੀਨੇਟਡ ਹਨ, ਮਾਸਟਰ ਬੈਡਰੂਮ ਵਿਚ 4 ਪੀਸੀ ਇਨ-ਸੂਟ ਅਤੇ ਵਾਕਿੰਗ ਕਲੋਜ਼ਟ, ਚਾਰਦਿਵਾਰੀ ਦੇ ਨਾਲ ਯਾਰਡ, ਅਤੇ ਹੋਰ ਵੀ ਬਹੁਤ ਕੁੱਝ।

**Brampton Ontario (Dir/Cross St:The Gore/Castlemore/Gardenbrok)**



ਖ਼ੂਬਸੂਰਤ ਡਿਟੈਚਡ ਘਰ, ਜਿਸ ਵਿਚ 4+2 ਬੈਡਰੂਮ + ਲੌਫਟ + 5 ਵਾਸ਼ਰੂਮ ਹਨ, ਫਿਨਿਸ਼ਡ ਬੇਸਮੈਂਟ ਅਲੱਗ ਇੰਟਰੈਂਸ ਦੇ ਨਾਲ, 1+1 ਕਿਚਨ, ਸਾਰੇ ਬੈਡਰੂਮਜ਼ ਵਿਚ ਲੈਮੀਨੇਟਡ ਫਲੋਰ, ਪ੍ਰਾਇਮਰੀ ਬੈਡਰੂਮ ਵਿਚ 5 ਪੀਸੀ ਇਨਸੂਟ ਅਤੇ ਵਾਕ ਇਨ ਕਲੋਜ਼ਟ, ਦੋ ਮਾਸਟਰ ਬੈਡਰੂਮ, ਪਾਠ/ਪੂਜਾ ਲਈ ਸਥਾਨ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Brampton Ontario (Dir/Cross St:Bramalea/Father Tobin /Fernfor)**



ਰੈਂਪਟਨ ਵਿਚ 3000-3500 ਸਕੁਏਅਰ ਫੁੱਟ ਦਾ ਸੋਹਣਾ ਜਿਹਾ 3 ਸਟੋਰੀ ਡਿਟੈਚਟਡ ਘਰ, ਬਰੈਮਲੀ/ਫਾਦਰ ਟੌਬਿਨ/ਫਰਨਫੌਰ ਇੰਟਰਸੈਕਸ਼ਨ ਉਤੇ ਸਥਿਤ, 5+1 ਬੈਡਰੂਮਜ਼ + 5 ਵਾਸ਼ਰੂਮਜ਼, 2 ਫੈਮਿਲੀ ਰੂਮ ਅਤੇ 2 ਮਾਸਟਰ ਬੈਡਰੂਮਜ਼ ਦੇ ਨਾਲ, ਉਪਰਲੇ ਫਲੋਰ ਦੇ ਸਾਰੇ ਬੈਡਰੂਮਜ਼ ਲੈਮੀਨੇਟਡ, ਕੁਆਰਟਸ ਸੀ ਟਾਪ ਦੇ ਨਾਲ ਸੁੰਦਰ ਕਿਚਨ, ਗੈਰਾਜ ਤੋਂ ਡੋਰ ਐਂਟਰੀ, ਅੰਦਰ ਅਤੇ ਬਾਹਰ ਪੌਟ ਲਾਈਟਾਂ ਲੱਗੀਆਂ ਹੋਈਆਂ, ਦੂਸਰੇ ਫਲੋਰ ਉਤੇ ਲਾਊਂਡਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਸਾਊਂਡ ਸਿਸਟਮ ਦੇ ਨਾਲ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC. Ph:905-456-3232

JAG AUJLA 416-371-7777

MCNE, Real Estate Broker

NOT INTENDED TO SOLICIT BUYERS OR SELLERS CURRENTLY UNDER CONTRACT






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017